# ਇੱਕ ਬੇਹਤਰ ਪਤੀ ਬਣਨਾ

ਫ੍ਰੈਂਕਲਿਨ ਦੇ ਨੋਟਸ

## I. ਮਸੀਹੀ ਪਤੀ

ਜਾਗਦੇ ਰਹੋ। ਨਿਹਚਾ ਵਿੱਚ ਦ੍ਰਿੜ੍ਹ ਰਹੋ, **ਪੁਰਖਾਰਥ ਕਰੋ**, ਤਕੜੇ ਹੋਵੋ। ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ।

1 ਕੁਰਿੰਥੀਆਂ 16:13-14

- ਠਹਿਰੋ! ਇਸ ਨੂੰ ਦੁਬਾਰਾ ਪੜ੍ਹੋ, ਹੌਲੀ। ਇਸ ਬਾਰੇ ਵਿਚਾਰ ਕਰੋ। ਇਸ ਨੂੰ ਯਾਦ ਕਰ ਲਓ ਅਤੇ ਰੋਜ਼ਾਨਾ ਆਪਣੇ ਆਪ ਲਈ ਇਹ ਬੋਲੋ।
- ਇਸ ਅਧਿਐਨ ਨੂੰ ਕਾਹਲੀ-ਕਾਹਲੀ ਨਾ ਪੜ੍ਹੋ, ਰੋਜ਼ਾਨਾ ਥੋੜਾ-ਥੋੜਾ ਕਰਕੇ ਪੜ੍ਹੋ, ਇਸ ਨੂੰ ਹੌਲੀ-ਹੌਲੀ ਸਮਝਿਦਾਂ ਅੱਗੇ ਵਧੋ, ਇਸ ਨੂੰ ਆਤਮਸਾਤ ਕਰੋ ਅਤੇ ਇਸ ਨੂੰ ਆਪਣਾ ਹਿੱਸਾ ਬਣ ਜਾਣ ਦਓ।
- **ਪੁਰਖਾਰਥ ਕਰੋ** ਹੋਰਨਾਂ ਪੁਰਸ਼ਾਂ ਵਾਂਗ ਨਹੀਂ! ਪਰ "ਯਿਸੂ ਮਸੀਹ" ਵਾਂਗ।
- ਸਾਰੇ ਕੰਮ ਪ੍ਰੇਮ ਨਾਲ ਹੋਣ ਇਸ ਦੇ ਅਰਥ ਨੂੰ ਸਮਝਣ ਲਈ ਪੜ੍ਹੋ: 1 ਕੁਰਿੰਥੀਆਂ 13:1-8

# ਪਰਮੇਸ਼ਰ ਦੇ ਜਨ ਦੇ ਅੱਠ ਬੁਨਿਆਦੀ ਗੁਣ

## A. ਉਹ ਇੱਕ ਆਤਮਕ ਆਗੂ ਹੈ।

1. ਸਭ ਤੋਂ ਪਹਿਲਾਂ ਅਤੇ ਮੁੱਢਲੇ ਤੌਰ 'ਤੇ ਆਪਣੇ ਪਰਿਵਾਰ ਲਈ।

1 ਤਿਮੋਥਿਉਸ 3:4-5 ਜੇ ਕੋਈ ਆਪਣੇ ਹੀ **ਘਰ ਦਾ ਪਰਬੰਧ** ਕਰਨਾ ਨਾ ਜਾਣੇ ਤਾਂ ਉਹ ਪਰਮੇਸ਼ਰ ਦੀ ਕਲੀਸਿਯਾ ਦੀ ਰਖਵਾਲੀ ਕਿੱਕੁਰ ਕਰੇਗਾ?

ਕੁਝ ਅਨੁਵਾਦ **"ਪਰਬੰਧ"** ਦੀ ਥਾਂ **"ਸ਼ਾਸਨ"** ਸ਼ਬਦ ਦੀ ਵਰਤੋਂ ਕਰਦੇ ਹਨ। ਅਸਲ ਯੂਨਾਨੀ ਸ਼ਬਦ ਦਾ ਅਰਥ ਹੈ: **"ਸਾਹਮਣੇ ਖੜੇ ਹੋਣਾ।"**

ਇਹ ਇਸ ਅਰਥ ਨੂੰ ਪੇਸ਼ ਕਰਦਾ ਹੈ: **"ਆਗੂ" ਇੱਕ ਉਦਾਹਰਨ ਬਣੇ।**

ਪੁਰਸ਼ ਦੀ **ਪਹਿਲੀ** ਸੇਵਕਾਈ ਉਸ ਦੀ ਪਤਨੀ ਲਈ ਹੈ / ਅਤੇ ਫਿਰ ਉਸ ਦੇ ਬੱਚਿਆਂ ਲਈ...ਅਤੇ ਫਿਰ ਉਸ ਦੇ ਪੇਸ਼ੇ ਜਾਂ ਨੌਕਰੀ ਲਈ।

## 2. ਉਦਾਹਰਨ: ਨੂਹ ਕਿਸ਼ਤੀ ਦਾ ਨਿਰਮਾਣ

ਇਬਰਾਨੀਆਂ 11:7 **ਨਿਹਚਾ** ਨਾਲ ਨੂਹ ਨੇ ਪਰਮੇਸ਼ਰ ਕੋਲੋਂ ਉਨ੍ਹਾਂ ਵਸਤਾਂ ਦੀ **ਖਬਰ ਪਾ ਕੇ** ਜਿਹੜੀਆਂ ਅਜੇ ਅਣਡਿੱਠ ਸਨ ਸਹਮ ਕੇ **ਆਪਣੇ ਘਰ ਦੇ ਬਚਾਉ ਲਈ ਕਿਸ਼ਤੀ ਬਣਾਈ** ਅਤੇ ਉਸ ਨਿਹਚਾ ਦੇ ਕਾਰਨ ਉਹ ਨੇ ਸੰਸਾਰ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਧਰਮ ਦਾ ਅਧਕਾਰੀ ਹੋਇਆ ਜਿਹੜਾ ਨਿਹਚਾ ਤੋਂ ਹੀ ਹੁੰਦਾ ਹੈ।

- **ਨਿਹਚਾ ਨਾਲ ਨੂਹ ਨੇ ਆਗਿਆਕਾਰੀ ਕੀਤੀ**

  ਉਤਪਤ 6:9 ... ਨੂਹ ਇੱਕ **ਧਰਮੀ ਮਨੁੱਖ** ਸੀ ਅਤੇ ਆਪਣੀ ਪੀੜ੍ਹੀ ਵਿੱਚ **ਸੰਪੂਰਨ** ਸੀ ਅਤੇ ਨੂਹ **ਪਰਮੇਸ਼ਰ ਦੇ ਨਾਲ ਨਾਲ ਚਲਦਾ ਸੀ।** ਇਹ ਉਹ ਟੀਚਾ ਹੈ ਜਿਸ ਦੇ ਲਈ ਪੁਰਸ਼ਾਂ ਨੂੰ ਜਤਨ ਕਰਦੇ ਰਹਿਣਾ ਹੈ। ਅਸੀਂ ਲਗਾਤਾਰ ਬਿਹਤਰ ਅਤੇ ਬਿਹਤਰ ਪਤੀ ਸਿਰਫ਼ ਤਦ ਹੀ ਬਣ ਸਕਦੇ ਹਾਂ ਜਦ ਅਸੀਂ ਰੋਜ਼ਾਨਾ ਯਿਸੂ ਦੇ ਨਾਲ ਚੱਲਦੇ ਰਹਾਂਗੇ।

  ਮੱਤੀ 6:33 ਪਰ ਤੁਸੀਂ **ਪਹਿਲਾਂ** ਉਹ ਦੇ ਰਾਜ [ਉਸ ਦੀ ਪ੍ਰਭੁਤਾ] ਅਤੇ ਉਹ ਦੇ ਧਰਮ ਨੂੰ **ਭਾਲੋ** ਤਾਂ ਤੁਹਾਨੂੰ ਏਹ ਸਾਰੀਆਂ [ਪ੍ਰਤਿੱਗਿਆ] ਵਸਤਾਂ ਵੀ ਦਿੱਤੀਆਂ ਜਾਣਗੀਆਂ।

  ਲੂਕਾ 6:46 ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?

  - ਚੰਗਾ ਪਤੀ ਬਣਨ ਅਤੇ ਪ੍ਰਭੂ ਨੂੰ ਅਤੇ ਆਪਣੀ ਪਤਨੀ ਨੂੰ ਪ੍ਰਸੰਨ ਕਰਨ ਦਾ ਅਰੰਭ ਉਸ ਦੇ ਵਚਨ ਦੀ ਆਗਿਆਕਾਰੀ ਤੋਂ ਹੁੰਦਾ ਹੈ। ਸਾਡੇ ਸਿਰਜਣਹਾਰ ਨੇ **ਨਿਰਦੇਸ਼ਾਂ ਦੀ ਪੁਸਤਕ** ਵਜੋਂ ਸਾਨੂੰ ਬਾਈਬਲ ਦਿੱਤੀ ਹੈ ਕਿ ਅਸੀਂ ਇੱਕ ਮੁਬਾਰਕ ਅਤੇ ਖੁਸ਼ਹਾਲ ਜੀਵਨ ਦਾ ਨਿਰਮਾਣ ਕਿਵੇਂ ਕਰੀਏ ਅਤੇ ਕਿਵੇਂ ਬਤੀਤ ਕਰੀਏ।

- **ਨੂਹ ਨੂੰ ਪਰਮੇਸ਼ਰ ਵੱਲੋਂ ਚਿਤਾਉਣੀ ਮਿਲੀ ਸੀ:**

  ਉਤਪਤ 6:11-13 ਯਹੋਵਾਹ ਨੇ ਨੂਹ ਨੂੰ ਸਟੀਕਤਾ ਨਾਲ ਦੱਸਿਆ ਸੀ ਕਿ **ਕੀ ਕਰਨਾ ਹੈ** ਅਤੇ **ਉਸ ਦੇ ਪਰਿਵਾਰ ਦੀ ਮੁਕਤੀ** ਲਈ ਕਿਸ਼ਤੀ ਦਾ ਨਿਰਮਾਣ **ਕਿਵੇਂ** ਕਰਨਾ ਹੈ। ਜੇਕਰ ਉਸ ਨੇ ਸਾਵਧਾਨੀ ਨਾਲ ਆਗਿਆਕਾਰੀ ਨਾ ਕੀਤੀ ਹੁੰਦੀ, ਤਾਂ ਉਸ ਦੇ ਪਰਿਵਾਰ ਨੂੰ ਭਾਰਾ ਨੁਕਸਾਨ ਹੋ ਸਕਦਾ ਸੀ।

ਇੱਕ ਹੱੜ੍ਹ ਜਿਹੜਾ ਜ਼ਿਆਦਾਤਰ ਪੁਰਸ਼ਾਂ ਅਤੇ ਉਨ੍ਹਾਂ ਦੇ ਵਿਆਹੁਤਾ ਜੀਵਨ ਉੱਤੇ ਆਉਣ ਪੈਂਦਾ ਅਤੇ ਉਨ੍ਹਾਂ ਨੂੰ ਨਾਸ ਕਰ ਦਿੰਦਾ ਹੈ ਉਹ ਹੈ **ਕਾਮ ਵਾਸਨਾ**।

1 ਪਤਰਸ 2:11 ਹੇ ਪਿਆਰਿਓ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਪਰਦੇਸੀ ਅਤੇ ਮੁਸਾਫ਼ਰ ਹੋ ਕੇ **ਸਰੀਰਕ ਕਾਮਨਾਂ ਤੋਂ ਪਰੇ ਰਹੋ** ਜਿਹੜੀਆਂ **ਜਾਨ ਨਾਲ ਲੜਦੀਆਂ ਹਨ।**

**ਹਰਾਮਕਾਰੀ ਤੋਂ ਭੱਜੋ।** ਹਰੇਕ ਪਾਪ ਜੋ ਮਨੁੱਖ ਕਰਦਾ ਹੈ ਸੋ ਸਰੀਰ ਦੇ ਬਾਹਰ ਹੈ ਪਰ ਜਿਹੜਾ ਹਰਾਮਕਾਰੀ ਕਰਦਾ ਹੈ ਉਹ **ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ।** ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ **ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ** ਜਿਹੜੀ ਤੁਹਾਨੂੰ ਪਰਮੇਸ਼ਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ? ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, **ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ਰ ਦੀ ਵਡਿਆਈ ਕਰੋ।** 1 ਕੁਰਿੰਥੀਆਂ 6:18-20

ਯੂਸੁਫ਼ ਭੱਜਿਆ: ਉਤਪਤ 39:7-12

ਪਰ **ਜੁਆਨੀ ਦੀਆਂ ਕਾਮਨਾਂ ਤੋਂ ਭੱਜ** ਅਤੇ ਜਿਹੜੇ ਸਾਫ਼ ਦਿਲ ਤੋਂ ਪ੍ਰਭੂ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ **ਧਰਮ**, **ਨਿਹਚਾ**, **ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ।**

2 ਤਿਮੋਥਿਉਸ 2:22

ਰਸੂਲਾਂ 21:25 ...ਅਸੀਂ ਇਹ ਠਹਿਰਾ ਕੇ ਲਿਖ ਭੇਜਿਆ ਸੀ ਭਈ ਓਹ...**ਹਰਾਮਕਾਰੀ ਤੋਂ ਆਪ ਨੂੰ ਬਚਾ ਰੱਖਣ।**

ਯੂਹੰਨਾ 8:34-35 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ **ਹਰੇਕ ਜੋ ਪਾਪ ਕਰਦਾ ਹੈ ਸੋ ਪਾਪ ਦਾ ਗੁਲਾਮ ਹੈ।**

- ਕਾਮ ਵਾਸਨਾ ਤੁਹਾਨੂੰ ਜ਼ੰਜੀਰਾਂ ਵਿੱਚ ਜਕੜ ਲਵੇਗੀ ਅਤੇ ਆਪਣਾ **ਗੁਲਾਮ** ਬਣਾ ਲਵੇਗੀ।

ਰਸੂਲਾਂ 15:29 **ਤੁਸੀਂ**...ਹਰਾਮਕਾਰੀ ਤੋਂ **ਬਚੇ ਰਹੋ।**

ਇਬਰਾਨੀਆਂ 12:16 **ਨਾ ਹੋਵੇ ਭਈ ਕੋਈ ਹਰਾਮਕਾਰ ਹੋਵੇ**

ਬਾਈਬਲ ਵਿਸ਼ੇਸ਼ ਤੌਰ 'ਤੇ ਸਰੀਰਕ ਕਾਮਨਾਵਾਂ ਦੇ ਖਤਰਿਆਂ ਅਤੇ ਵਿਨਾਸਕਾਰੀ ਨੁਕਸਾਨ ਬਾਰੇ ਦੱਸਦੀ ਹੈ। ਇਹ ਤੁਹਾਨੂੰ / ਤੁਹਾਡੀ ਪਤਨੀ ਨੂੰ / ਤੁਹਾਡੇ ਬੱਚਿਆਂ ਨੂੰ / ਤੁਹਾਡੇ ਵਿਆਹੁਤਾ ਜੀਵਨ ਨੂੰ ਬਰਬਾਦ ਕਰ ਦਵੇਗੀ।

- **ਭੈ ਨਾਲ ਚੱਲਿਆ**

ਬਾਈਬਲ ਵਿੱਚ "ਭੈ" ਸ਼ਬਦ ਦਾ ਅਰਥ **ਆਦਰ** ਅਤੇ **ਸਤਿਕਾਰ** ਵੀ ਹੁੰਦਾ ਹੈ।

ਕਹਾਉਤਾਂ 1:7 **ਯਹੋਵਾਹ ਦਾ ਭੈ ਗਿਆਨ** ਦਾ ਮੂਲ ਹੈ, ਬੁੱਧ ਅਤੇ ਸਿੱਖਿਆ ਨੂੰ **ਮੂਰਖ** ਤੁੱਛ ਜਾਣਦੇ ਹਨ।

ਉਤਪਤ 22:12 ਅਬਰਾਹਾਮ ਨੇ ਯਹੋਵਾਹ ਦੀ ਆਗਿਆਕਾਰੀ ਕੀਤੀ ਹਾਲਾਂਕਿ ਉਸ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਅਤੇ ਯਹੋਵਾਹ ਨੇ ਆਖਿਆ: ਹੁਣ ਮੈਂ ਜਾਣ ਗਿਆ ਹਾਂ ਕਿ ਤੂੰ **ਪਰਮੇਸ਼ਰ ਤੋਂ ਭੈ ਖਾਂਦਾ ਹੈਂ**,

  - ਇਹ ਯਹੋਵਾਹ ਦਾ ਭੈ, ਆਦਰ ਅਤੇ ਸਤਿਕਾਰ ਸੀ ਜਿਸ ਦੇ ਕਾਰਨ ਨੂਹ ਅਤੇ ਅਬਰਾਹਾਮ **ਆਪਣਿਆਂ ਪਰਿਵਾਰਾਂ ਦੀ ਮੁਕਤੀ** ਦੇ ਲਈ ਵੱਡੇ ਅਤੇ ਸਮਰੱਥੀ ਕੰਮ ਕਰ ਸਕੇ।

ਕੂਚ 18:21 ਨਾਲੇ ਤੂੰ ਸਾਰਿਆਂ ਲੋਕਾਂ ਵਿੱਚੋਂ ਸਿਆਣੇ **ਮਨੁੱਖਾਂ ਨੂੰ ਜਿਹੜੇ ਪਰਮੇਸ਼ਰ ਤੋਂ ਡਰਦੇ ਅਤੇ ਸਤਵਾਦੀ** ਅਰ ਲੋਭ ਦੇ ਵੈਰੀ ਹੋਣ ਚੁਗ ਲੈ। ਉਨ੍ਹਾਂ ਨੂੰ ਲੋਕਾਂ ਉੱਤੇ ਹਜ਼ਾਰਾਂ ਦੇ ਸਰਦਾਰ, ਸੈਂਕੜਿਆਂ ਦੇ ਸਰਦਾਰ, ਪੰਜਾਹ ਦੇ ਸਰਦਾਰ ਅਤੇ ਦਸਾਂ ਦੇ ਸਰਦਾਰ ਠਹਿਰਾ ਦੇਣਾ।

  - ਹਰੇਕ ਇਸਤਰੀ ਨੂੰ ਇੱਕ ਅਜਿਹੇ ਪਤੀ ਅਤੇ ਆਗੂ ਦੀ ਲੋੜ ਹੈ ਜਿਹੜਾ ਯਹੋਵਾਹ ਦਾ ਭੈ ਮੰਨਦਾ ਹੈ, ਅਤੇ ਅਜਿਹੇ ਪੁਰਸ਼ ਨੂੰ ਯਹੋਵਾਹ ਅਸੀਸ ਦਿੰਦਾ ਹੈ, ਤਰੱਕੀ ਦਿੰਦਾ ਹੈ ਅਤੇ ਉਸ ਦੇ ਜੀਵਨ ਦੇ ਹਰੇਕ ਖੇਤਰ ਵਿੱਚ ਉਸ ਨੂੰ ਕਿਰਪਾ ਬਖਸ਼ਦਾ ਹੈ।

- **ਕਿਸ਼ਤੀ ਬਣਾਈ** ਕਿਸ਼ਤੀ ਸ਼ਬਦ ਦਾ ਇਹ ਅਰਥ ਵੀ ਹੈ: ਇੱਕ ਪਵਿੱਤਰ ਸੰਦੂਕ; ਜਾਂ **ਖਜ਼ਾਨੇ ਦਾ ਸੰਦੂਕ**

**ਖਜ਼ਾਨੇ ਦਾ ਸੰਦੂਕ** ਤੁਹਾਡੀਆਂ **ਵੱਡਮੁੱਲੀਆਂ ਵਸਤਾਂ** ਨੂੰ ਸੁਰੱਖਿਅਤ ਰੱਖਦਾ ਹੈ।

ਪੁਰਸ਼ ਨਿਰਮਾਤਾ ਹੁੰਦੇ ਹਨ ਅਤੇ ਅਸੀਂ ਜੋ ਪਤੀ ਹਾਂ, ਜ਼ਰੂਰੀ ਹੈ ਕਿ ਅਸੀਂ ਇੱਕ ਮਜਬੂਤ ਕਿਸ਼ਤੀ ਦਾ ਨਿਰਮਾਣ ਕਰੀਏ, ਇੱਕ ਖਜ਼ਾਨੇ ਦੇ ਸੰਦੂਕ ਦਾ, ਜਿਹੜਾ ਸਾਡੇ ਪਰਿਵਾਰ ਨੂੰ ਸੁਰੱਖਿਅਤ ਰੱਖੇ।

ਨਿਰਮਾਣ ਲਈ ਕੁਝ ਚੰਗੇ ਨਿਰਦੇਸ਼ ਹੇਠਾਂ ਦਿੱਤੇ ਗਏ ਹਨ:

1 ਕੁਰਿੰਥੀਆਂ 3:9-14 ਕਿਉਂ ਜੋ **ਅਸੀਂ** [ਪਤੀ] **ਕੰਮ ਕਰਨ ਵਿੱਚ ਪਰਮੇਸ਼ਰ ਦੇ ਸਾਂਝੀ ਹਾਂ...**ਨੀਂਹ...ਯਿਸੂ ਮਸੀਹ ਹੈ। ਪਰ ਜੇ ਕੋਈ ਇਹ ਨੀਂਹ ਉੱਤੇ ਸੋਨੇ, ਚਾਂਦੀ, ਬਹੁਮੁੱਲੇ ਪੱਥਰਾਂ [ਉਹ ਜੋ ਅਨਮੋਲ ਅਤੇ ਵੱਡਮੁੱਲਾ ਹੈ], ਲੱਕੜਾਂ, ਘਾਹ ਅਤੇ ਭੋ [ਉਹ ਜੋ ਅਨਮੋਲ ਅਤੇ ਵੱਡਮੁੱਲਾ ਨਹੀਂ ਹੈ] ਦੀ ਉਸਾਰੀ ਕਰੇ। ਤਾਂ ਹਰੇਕ ਦਾ ਕੰਮ ਪਰਗਟ ਹੋਵੇਗਾ ਕਿਉਂ ਜੋ ਉਹ ਦਿਨ ਉਸ ਨੂੰ ਉਘਾੜ ਦੇਵੇਗਾ ਇਸ ਲਈ ਜੋ ਉਹ ਅੱਗ ਨਾਲ ਪਰਕਾਸ਼ ਹੁੰਦਾ ਹੈ ਅਤੇ **ਅੱਗ ਆਪੇ ਹਰੇਕ ਦਾ ਕੰਮ ਪਰਖ ਦੇਵੇਗੀ ਭਈ ਉਹ ਕਿਸ ਪਰਕਾਰ ਦਾ ਹੈ। ਜੇ ਕਿਸੇ ਦਾ ਕੰਮ ਜਿਹੜਾ ਉਹ ਨੇ ਬਣਾਇਆ ਸੀ ਟਿਕਿਆ ਰਹੇਗਾ ਤਾਂ ਉਹ ਨੂੰ ਬਦਲਾ ਮਿਲੇਗਾ।**

- ਹਰੇਕ ਪਤੀ ਦੇ ਸਾਹਮਣੇ ਇਹ ਪਰਖ ਆਉਂਦੀ ਹੈ।
- ਇੱਕ ਕਿਸ਼ਤੀ, ਇੱਕ ਖਜ਼ਾਨੇ ਦਾ ਸੰਦੂਕ ਬਣਾਉਣ ਲਈ **ਤੁਹਾਨੂੰ ਬੁੱਧੀ ਦੀ ਲੋੜ ਹੈ।**

ਕਹਾਉਤਾਂ 24:3 ਬੁੱਧ ਨਾਲ **ਘਰ ਬਣਾਈਦਾ ਹੈ,** ਅਤੇ **ਸਮਝ** ਨਾਲ ਉਹ **ਅਸਥਿਰ ਰਹਿੰਦਾ ਹੈ।** 4ਗਿਆਨ ਦੇ ਰਾਹੀਂ ਉਹ ਦੀਆਂ ਕੋਠੜੀਆਂ ਸਭ ਪਰਕਾਰ ਦੇ ਅਣਮੁੱਲ ਅਤੇ ਮਨ ਭਾਉਂਦੇ ਪਦਾਰਥਾਂ ਨਾਲ ਭਰਦੀਆਂ ਹਨ।

## ਯਹੋਵਾਹ ਵੱਲੋਂ ਇਹ ਸੁਨੇਹਾ **ਤੁਹਾਡੇ** ਲਈ ਹੈ:

ਕਹਾਉਤਾਂ 2:1-8 ਹੇ ਮੇਰੇ ਪੁੱਤਰ, ਜੇ ਤੂੰ ਮੇਰੇ **ਆਖੇ ਲੱਗੇਂ**, ਅਤੇ ਮੇਰੇ ਹੁਕਮਾਂ ਨੂੰ ਆਪਣੇ ਕੋਲ **ਸਾਂਭ ਰੱਖੇਂ**, 2ਭਈ **ਬੁੱਧ ਵੱਲ ਕੰਨ ਲਾਵੇਂ**, ਅਤੇ **ਸਮਝ ਉੱਤੇ ਚਿੱਤ ਲਾਵੇਂ**,— 3ਹਾਂ, ਜੇ ਤੂੰ ਬਿਬੇਕ ਲਈ **ਪੁਕਾਰੇਂ, ਅਤੇ ਸਮਝ ਲਈ ਅਵਾਜ਼ ਕਢੇਂ,** 4**ਜੇ** ਤੂੰ ਚਾਂਦੀ ਵਾਂਙੁ ਉਹ ਦੀ **ਭਾਲ ਕਰੇਂ,** ਅਤੇ ਗੁਪਤ ਧਨ ਵਾਂਙੁ ਉਹ ਦੀ **ਖੋਜ ਕਰੇਂ,** 5**ਤਾਂ** ਤੂੰ **ਯਹੋਵਾਹ ਦੇ ਭੈ ਨੂੰ ਸਮਝੇਂਗਾ**, ਅਤੇ **ਪਰਮੇਸ਼ਰ ਦੇ ਗਿਆਨ ਨੂੰ ਪ੍ਰਾਪਤ ਕਰੇਂਗਾ,** 6ਕਿਉਂ ਜੋ **ਬੁੱਧ ਯਹੋਵਾਹ ਹੀ ਦਿੰਦਾ ਹੈ, ਗਿਆਨ ਅਤੇ ਸਮਝ** ਓਸੇ ਦੇ ਮੂੰਹੋਂ ਨਿੱਕਲਦੀ ਹੈ। 7**ਸਚਿਆਰਾਂ** ਲਈ ਉਹ **ਦਨਾਈ ਰੱਖ ਛੱਡਦਾ ਹੈ,** ਜਿਹੜੇ **ਖਰਿਆਈ ਨਾਲ ਚੱਲਦੇ** ਹਨ ਉਨ੍ਹਾਂ ਲਈ ਉਹ **ਢਾਲ** ਹੈ, 8ਤਾਂ ਜੋ ਉਹ ਨਿਆਉਂ ਦੇ ਰਾਹਾਂ ਦੀ **ਰਾਖੀ ਕਰੇ,** ਅਤੇ **ਆਪਣੇ ਭਗਤਾਂ ਦੇ** ਰਾਹ ਦੀ ਰੱਛਿਆ ਕਰੇ।

- **ਠਹਿਰੋ!** ਦੁਬਾਰਾ ਪੜ੍ਹੋ। ਬਾਰ-ਬਾਰ ਪੜ੍ਹੋ। ਇਸ ਬਾਰੇ ਵਿਚਾਰ ਕਰੋ...

ਲੂਕਾ 11:21 -22 ਜਦ ਕੋਈ **ਜ਼ੋਰਾਵਰ ਹਥਿਆਰ ਬੰਨ੍ਹੀਂ ਆਪਣੇ ਘਰ ਦੀ ਰਖਵਾਲੀ ਕਰਦਾ ਹੈ** ਤਾਂ ਉਹ ਦਾ ਮਾਲ ਬਚ ਰਹਿੰਦਾ ਹੈ। 22ਪਰ ਜੇ ਕੋਈ ਉਸ ਨਾਲੋਂ ਜ਼ੋਰਾਵਰ [ਦੁਸ਼ਟ] ਆਣ ਕੇ ਉਹ ਨੂੰ ਜਿੱਤ ਲਵੇ ਤਾਂ [ਦੁਸ਼ਟ] ਉਹ ਦੇ ਸਾਰੇ ਹਥਿਆਰ ਜਿਨ੍ਹਾਂ ਉੱਤੇ ਉਹ ਦਾ ਮਾਣ ਸੀ ਖੋਹ ਲੈਂਦਾ ਅਤੇ ਉਹ ਦੀ **ਲੁੱਟ ਵੰਡ ਦਿੰਦਾ ਹੈ।**

- **ਜ਼ਰੂਰੀ** ਹੈ ਕਿ ਤੁਸੀਂ ਯਹੋਵਾਹ ਵਿੱਚ **ਜ਼ੋਰਾਵਰ ਹੋਵੋ,** ਆਪਣੇ ਬਲ ਵਿੱਚ ਨਹੀਂ।

ਪੁਰਸ਼ ਦੇ ਹਥਿਆਰ ਕੀ ਹਨ? ਜੇਕਰ ਤੁਸੀਂ ਨਹੀਂ ਜਾਣਦੇ, ਤਾਂ ਦੁਸ਼ਟ ਇਸ ਨੂੰ ਤੁਹਾਡੇ ਕੋਲੋਂ ਅਸਾਨੀ ਨਾਲ ਲੈ ਜਾਵੇਗਾ।

ਅਫ਼ਸੀਆਂ 6:10-17 ਮੁਕਦੀ ਗੱਲ, **ਪ੍ਰਭੂ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ!** [11]**ਪਰਮੇਸ਼ਰ
ਦੇ ਸਾਰੇ ਸ਼ਸਤਰ ਬਸਤਰ ਧਾਰੋ** ਤਾਂ ਜੋ ਤੁਸੀਂ **ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸੱਕੋ।** [12]ਕਿਉਂ ਜੋ ਸਾਡੀ
ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖਤਿਆਰਾਂ ਅਤੇ ਇਸ **ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ
ਆਤਮਿਆਂ ਨਾਲ** ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ। [13]**ਇਸ ਕਾਰਨ** ਤੁਸੀਂ **ਪਰਮੇਸ਼ਰ ਦੇ ਸਾਰੇ ਸ਼ਸਤਰ ਬਸਤਰ
ਲੈ ਲਵੋ** ਭਈ ਤੁਸੀਂ ਬੁਰੇ ਦਿਨ ਵਿੱਚ **ਸਾਹਮਣਾ ਕਰ ਸੱਕੋ** ਅਤੇ ਸੱਭੋ ਕੁਝ ਮੁਕਾ ਕੇ **ਖਲੋ ਸੱਕੋ।** [14]ਸੋ ਤੁਸੀਂ ਆਪਣੀ ਕਮਰ
ਸਚਿਆਈ ਨਾਲ ਕੱਸ ਕੇ ਅਤੇ **ਧਰਮ** ਦੀ ਸੰਜੋ ਪਹਿਨਕੇ [15]ਅਤੇ ਮਿਲਾਪ ਦੀ ਖੁਸ਼ ਖ਼ਬਰੀ ਦੀ ਤਿਆਰੀ ਦੀ ਜੁੱਤੀ ਆਪਣੇ
ਪੈਰੀਂ ਪਾ ਕੇ ਖਲੋ ਜਾਓ! [16]ਓਹਨਾਂ ਸਭਨਾਂ ਸਣੇ **ਨਿਹਚਾ ਦੀ ਢਾਲ** ਲਾਓ ਜਿਹ ਦੇ ਨਾਲ ਤੁਸੀਂ ਉਸ **ਦੁਸ਼ਟ ਦੇ ਸਾਰੇ
ਅਗਣ ਬਾਣਾਂ ਨੂੰ ਬੁਝਾ ਸੱਕੋਗੇ।** [17]ਅਤੇ **ਮੁਕਤੀ ਦਾ ਟੋਪ** ਅਤੇ **ਆਤਮਾ ਦੀ ਤਲਵਾਰ** ਜੋ **ਪਰਮੇਸ਼ਰ ਦੀ ਬਾਣੀ** ਹੈ ਲੈ
ਲਵੋ।

ਇਸ ਅਧਿਐਨ ਵਿੱਚ ਅਗਾਂਹ ਵਧਣ ਤੋਂ ਪਹਿਲਾਂ, ਉੱਤੇ ਲਿਖਿਆ ਸਭਕੁਝ (ਪੇਜ 1-5) ਕਈ ਦਿਨਾਂ ਤੱਕ ਰੋਜ਼ਾਨਾ ਪੜ੍ਹੋ।

❖ **ਆਪਣੇ ਪਰਿਵਾਰ ਦੀ ਮੁਕਤੀ ਦੇ ਲਈ** ਲੂਕਾ 11:21-22

- ਆਗੂ ਹੁੰਦਿਆਂ ਪੁਰਸ਼ ਆਪਣੇ ਪਰਿਵਾਰ ਦਾ **ਸਿਰ** ਹੈ → ਇੱਕ ਅਜਿਹੀ ਪਦਵੀ ਜਿਹੜੀ ਪਰਮੇਸ਼ਰ ਵੱਲੋਂ ਦਿੱਤੀ ਗਈ ਹੈ ਅਤੇ ਇਸ ਕਰਕੇ ਉਸ ਨੂੰ ਜ਼ਿੰਮੇਵਾਰ ਵੀ ਠਹਿਰਾਇਆ ਜਾਵੇਗਾ।

  1 ਕੁਰਿੰਥੀਆਂ 11:3 ਪਰ **ਮੈਂ ਚਾਹੁੰਦਾ ਹਾਂ ਜੋ ਤੁਸੀਂ ਇਹ ਜਾਣ ਲਵੋ** ਭਈ **ਹਰੇਕ ਪੁਰਖ ਦਾ ਸਿਰ ਮਸੀਹ ਹੈ** ਅਤੇ **ਇਸਤਰੀ ਦਾ ਸਿਰ ਪੁਰਖ ਹੈ** ਅਤੇ ਮਸੀਹ ਦਾ ਸਿਰ ਪਰਮੇਸ਼ਰ ਹੈ। ਇਹ ਰੱਬੀ ਤਰਤੀਬ ਹੈ।

- ਆਗੂ **ਸੇਵਕ** ਹੈ। ਇਹ ਲਾਜ਼ਮੀ ਹੈ! **ਇਹ ਰੱਬੀ ਤਰਤੀਬ ਹੈ!**

  ਮਰਕੁਸ 10:42-45 ਤੁਸੀਂ ਜਾਣਦੇ ਹੋ ਭਈ ਜਿਹੜੇ ਪਰਾਈਆਂ ਕੌਮਾਂ ਦੇ ਵਿੱਚ **ਹਾਕਮ** ਗਿਣੇ ਜਾਂਦੇ ਹਨ ਓਹ
  **ਉਨ੍ਹਾਂ ਉੱਤੇ ਹੁਕਮ ਚਲਾਉਂਦੇ ਹਨ** ਅਤੇ ਉਨ੍ਹਾਂ ਦੇ ਸਰਦਾਰ **ਉਨ੍ਹਾਂ ਉੱਤੇ ਇਖ਼ਤਿਆਰ ਰੱਖਦੇ ਹਨ।** [43]**ਪਰ
  ਤੁਹਾਡੇ ਵਿੱਚ ਅਜਿਹਾ ਨਹੀਂ ਹੋਵੇ** ਸਗੋਂ ਜੋ ਕੋਈ ਤੁਹਾਡੇ ਵਿੱਚੋਂ **ਵੱਡਾ ਹੋਣਾ ਚਾਹੇ** ਸੋ **ਤੁਹਾਡਾ ਟਹਿਲੂਆ ਹੋਵੇ।**
  [44]ਅਤੇ ਜੇ ਕੋਈ ਤੁਹਾਡੇ ਵਿੱਚੋਂ **ਸਰਦਾਰ ਬਣਿਆ ਚਾਹੇ** ਉਹ **ਸਭ ਦਾ ਨੌਕਰ ਹੋਵੇ।** [45]ਕਿਉਂਕਿ **ਮਨੁੱਖ ਦਾ
  ਪੁੱਤਰ** ਵੀ **ਆਪਣੀ ਟਹਿਲ ਕਰਾਉਣ ਨਹੀਂ** ਸਗੋਂ **ਟਹਿਲ ਕਰਨ** ਅਤੇ ਬਹੁਤਿਆਂ ਦੇ ਲਈ ਨਿਸਤਾਰੇ ਦਾ ਮੁੱਲ
  ਭਰਨ ਨੂੰ **ਆਪਣੀ ਜਾਨ ਦੇਣ ਆਇਆ।**

- ਆਗੂ **ਉਪਦੇਸ਼ਕ** ਹੈ। ਇਹ ਤੁਹਾਡੀ ਜ਼ਿੰਮੇਵਾਰੀ ਹੈ ਤੁਹਾਡੀ ਪਤਨੀ ਦੀ ਨਹੀਂ। ਪ੍ਰਭੂ ਪੁਰਸ਼ ਨੂੰ ਉਸ ਦੀ ਪਤਨੀ ਅਤੇ ਬੱਚਿਆਂ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ। ਉਹ ਮਦਦ ਕਰ ਸਕਦੀ ਹੈ, ਪਰ ਆਗੂ ਤੁਹਾਨੂੰ ਹੋਣਾ ਹੈ।

  2 ਤਿਮੋਥਿਉਸ 2:15-16 ਆਪਣੇ ਆਪ ਨੂੰ ਪਰਮੇਸ਼ਰ ਦੇ ਅੱਗੇ **ਪਰਵਾਨ** ਅਤੇ ਅਜਿਹਾ **ਕਾਰੀਗਰ** ਠਹਿਰਾਉਣ ਦਾ **ਜਤਨ ਕਰ** ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ **ਸਚਿਆਈ ਦੇ ਬਚਨ ਦਾ ਜਥਾਰਥ ਵਖਿਆਣ ਕਰਨ ਵਾਲਾ ਹੋਵੇ।** [16]ਪਰ ਕੁਧਰਮ ਦੀ ਬੁੜ ਬੁੜਾਟ ਤੋਂ ਲਾਂਭੇ ਰਹੁ ਕਿਉਂ ਜੋ ਏਹ ਲੋਕਾਂ ਨੂੰ ਅਭਗਤੀ ਦੇ ਰਾਹ ਵਿੱਚ ਅਗਾਹਾਂ ਹੀ ਅਗਾਹਾਂ ਲੈ ਜਾਵੇਗੀ।

ਪਤੀ ਨੂੰ—ਤੁਹਾਨੂੰ—ਆਪਣੇ ਪਰਿਵਾਰ ਦਾ ਆਤਮਕ ਆਗੂ / ਉਪਦੇਸ਼ਕ ਹੋਣਾ ਹੈ। ਟੀਵੀ ਬੰਦ ਕਰਕੇ ਬਾਈਬਲ ਪੜ੍ਹਨ ਦਾ ਸਮਾਂ ਨਿਰਧਾਰਿਤ ਕਰੋ। ਤੁਸੀਂ ਆਪਣੇ ਪਰਿਵਾਰ ਨੂੰ ਨਿਯਮਿਤ ਤੌਰ 'ਤੇ ਕਲੀਸੀਆ ਵਿੱਚ ਲੈ ਕੇ ਜਾਓ। ਰੋਜ਼ਾਨਾ ਆਪਣੀ ਪਤਨੀ ਅਤੇ ਬੱਚਿਆਂ ਨਾਲ ਮਿਲ ਕੇ ਪ੍ਰਾਰਥਨਾ ਕਰੋ।

ਬਿਵਸਥਾ ਸਾਰ 6:6 -9 ਅਤੇ ਏਹ ਗੱਲਾਂ ਜਿਨ੍ਹਾਂ ਦਾ ਮੈਂ ਤੁਹਾਨੂੰ ਅੱਜ ਹੁਕਮ ਦਿੰਦਾ ਹਾਂ **ਤੁਹਾਡੇ ਹਿਰਦੇ ਉੱਤੇ ਹੋਣ।**
[7]ਤੁਸੀਂ ਓਹਨਾਂ ਨੂੰ **ਆਪਣੇ ਬੱਚਿਆਂ ਨੂੰ ਸਿਖਲਾਓ।** ਤੁਸੀਂ ਆਪਣੇ ਘਰ ਬੈਠਿਆਂ, ਰਾਹ ਤੁਰਦਿਆਂ, ਲੇਟਦਿਆਂ ਅਰ
ਉੱਠਦਿਆਂ ਓਹਨਾਂ ਦਾ **ਚਰਚਾ ਕਰੋ।** [8]ਤੁਸੀਂ ਓਹਨਾਂ ਨੂੰ ਨਿਸ਼ਾਨੀਆਂ ਲਈ ਆਪਣੇ ਹੱਥ ਉੱਤੇ ਬੰਨ੍ਹੋ ਅਤੇ ਓਹ
ਤੁਹਾਡਿਆਂ ਨੇਤ੍ਰਾਂ ਦੇ ਵਿਚਕਾਰ ਤਵੀਤ ਜਿਹੀਆਂ ਹੋਣ। [9]ਤੁਸੀਂ ਉਨ੍ਹਾਂ ਨੂੰ ਆਪਣੇ ਘਰ ਦੀਆਂ ਚੁਗਾਠਾਂ ਉੱਤੇ ਅਤੇ
ਆਪਣੇ ਫਾਟਕਾਂ ਉੱਤੇ ਲਿਖੋ।

ਅਫ਼ਸੀਆਂ 6:4 ਹੇ **ਪਿਤਾਓ**, ਤੁਸੀਂ ਆਪਣਿਆਂ ਬਾਲਕਾਂ ਦਾ ਕ੍ਰੋਧ ਨਾ ਭੜਕਾਓ **ਸਗੋਂ ਪ੍ਰਭੂ ਦੀ ਸਿੱਖਿਆ ਅਰ ਮੱਤ ਦੇ ਕੇ ਓਹਨਾਂ ਦੀ ਪਾਲਨਾ ਕਰੋ।**

ਕਹਾਉਤਾਂ 13:24 ਜਿਹੜਾ ਪੁੱਤਰ...ਦੇ ਨਾਲ **ਪਿਆਰ** ਕਰਦਾ ਹੈ ਉਹ ਵੇਲੇ ਸਿਰ ਉਸ ਨੂੰ ਤਾੜਦਾ ਹੈ।

ਕਹਾਉਤਾਂ 22:6 ਬਾਲਕ ਨੂੰ **ਉਹ ਦਾ ਠੀਕ ਰਾਹ ਸਿਖਲਾ**, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।

ਕਹਾਉਤਾਂ 22:15 ਬਾਲਕ ਦੇ ਮਨ ਵਿੱਚ ਮੂਰਖਤਾਈ ਬੱਧੀ ਹੋਈ ਹੁੰਦੀ ਹੈ, ਤਾੜ ਦੀ ਛਿਟੀ ਉਹ ਨੂੰ ਉਸ ਤੋਂ ਦੂਰ ਕਰ ਦਿੰਦੀ ਹੈ।

ਕਹਾਉਤਾਂ 23:13 ਬਾਲਕ ਦੇ ਤਾੜਨ ਤੋਂ ਨਾ ਰੁਕ, ਭਾਵੇਂ ਤੂੰ ਛਿਟੀ ਨਾਲ ਉਹ ਨੂੰ ਮਾਰੇਂ ਤਾਂ ਉਹ ਨਾ ਮਰੇਗਾ।

**ਲਾਜ਼ਮੀ** ਹੈ ਕਿ ਇਹ **ਗੁੱਸੇ ਵਿੱਚ ਨਹੀਂ** ਪਰ **ਪ੍ਰੇਮ ਵਿੱਚ** ਕੀਤਾ ਜਾਵੇ। ਜੇਕਰ ਤੁਸੀਂ ਆਪਣੇ ਬੱਚਿਆਂ ਦੇ ਵਿਹਾਰ ਉੱਤੇ ਕ੍ਰੋਧਿਤ ਹੋ ਤਾਂ ਉਨ੍ਹਾਂ ਨੂੰ ਆਖੋ ਕਿ ਉਹ ਆਪਣੇ ਕਮਰੇ ਵਿੱਚ ਜਾਣ ਅਤੇ ਤੁਸੀਂ ਥੋੜੀ ਦੇਰ ਵਿੱਚ ਉਨ੍ਹਾਂ ਦੇ ਨਾਲ ਗੱਲ ਕਰੋਗੇ। ਸ਼ਾਂਤ ਹੋ ਜਾਓ। ਪ੍ਰਾਰਥਨਾ ਕਰੋ। ਸਰਬਉੱਤਮ ਤਰੀਕੇ ਬਾਰੇ ਸੋਚੋ।

ਕਹਾਉਤਾਂ 19:18 ਜਦ ਤਾਈਂ ਆਸ ਹੈ ਆਪਣੇ ਪੁੱਤਰ ਨੂੰ ਤਾੜ, ਪਰ ਉਹ ਦੇ ਨਾਸ ਉੱਤੇ ਆਪਣਾ ਜੀ ਨਾ ਲਾ।

ਕਹਾਉਤਾਂ 29:15 ਤਾੜ ਅਤੇ ਛਿਟੀ ਬੁੱਧ ਦਿੰਦੀਆਂ ਹਨ, ਪਰ ਜਿਹੜਾ ਬਾਲਕ ਬੇਮੁਹਾਰਾ ਛੱਡਿਆ ਜਾਂਦਾ ਹੈ, ਉਹ ਆਪਣੀ ਮਾਂ ਲਈ ਨਮੋਸ਼ੀ ਲਿਆਉਂਦਾ ਹੈ।

ਕਹਾਉਤਾਂ 29:17 ਆਪਣੇ ਪੁੱਤਰ ਨੂੰ ਤਾੜ ਤਾਂ ਉਹ ਤੈਨੂੰ ਸੁਖ ਦੇਵੇਗਾ, ਅਤੇ ਉਹ ਤੇਰੇ ਜੀ ਨੂੰ ਨਿਹਾਲ ਕਰੇਗਾ।

- ਆਗੂ **ਦਰਸ਼ਣ** ਵਾਲਾ ਵਿਅਕਤੀ ਹੁੰਦਾ ਹੈ।
  ਕਹਾਉਤਾਂ 29:18 ਜਿੱਥੇ ਦਰਸ਼ਣ ਨਹੀਂ ਉੱਥੇ ਲੋਕ ਬੇਮੁਹਾਰੇ ਹੋ ਜਾਂਦੇ ਹਨ

ਆਪਣਿਆਂ ਬੱਚਿਆਂ ਦੀ ਮਦਦ ਕਰੋ ਕਿ **ਉਹ ਆਪਣੇ ਜੀਵਨ ਦਾ ਮਕਸਦ ਜਾਣ ਸਕਣ** ਅਤੇ ਆਪਣੀ ਪੂਰੀ ਸ਼ਕਤੀ ਨਾਲ ਉਸ ਨੂੰ ਪੂਰਾ ਕਰ ਸਕਣ।

## B. ਉਹ ਇੱਕ ਅਜਿਹਾ ਪੁਰਸ਼ ਹੈ ਜਿਸ ਦਾ ਉਹ ਆਦਰ ਕਰ ਸਕਦੀ ਹੈ। ਤੀਤੁਸ 1:6-10

ਆਦਰ ਦੀ ਮੰਗ ਨਹੀਂ ਕੀਤੀ ਜਾ ਸਕਦੀ, ਇਸ ਨੂੰ ਪਤਨੀ, ਬੱਚਿਆਂ ਅਤੇ ਦੂਜਿਆਂ ਸਾਹਮਣੇ ਈਸ਼ੁਰੀ ਆਗੂਪਣ ਵਿੱਚ ਜੀਉਂਦਿਆਂ ਅਤੇ ਦਰਸਾਉਂਦਿਆਂ ਕਮਾਇਆ ਜਾਂਦਾ ਹੈ।

1. ਪ੍ਰਭੂ ਨੂੰ ਪ੍ਰੇਮ ਕਰਦਾ ਹੈ → ਪ੍ਰਾਰਥਨਾ ਕਰਨ ਵਾਲਾ ਪੁਰਸ਼ ਮੱਤੀ 6:5-13
2. ਪਰਮੇਸ਼ਰ ਦੇ ਵਚਨ ਨੂੰ ਪ੍ਰੇਮ ਕਰਦਾ ਹੈ → ਬਾਈਬਲ ਅਧਿਐਨ ਜ਼ਬੂਰ 1
3. ਪਵਿੱਤਰ ਆਤਮਾ ਨਾਲ ਭਰਿਆ ਹੁੰਦਾ ਹੈ ਅਫ਼ਸੀਆਂ 5:18
4. ਆਤਮਾ ਦੀ ਅਗਵਾਈ ਵਿੱਚ ਚੱਲਦਾ ਹੈ ਗਲਾਤੀਆਂ 5:18
5. ਉਸ ਦੇ ਜੀਵਨ ਵਿੱਚ ਆਤਮਾ ਦੇ ਫਲ ਹੁੰਦੇ ਹਨ ਗਲਾਤੀਆਂ 5:19-25
6. ਰੱਬੀ ਸੁਭਾਓ ਵਿੱਚ ਸਾਂਝੀ ਹੁੰਦਾ ਹੈ 2 ਪਤਰਸ 1:4-11

## C. ਉਹ ਇੱਕ ਅਜਿਹਾ ਪੁਰਸ਼ ਹੈ ਜੋ ਆਪਣੀ ਪਤਨੀ ਨੂੰ ਪ੍ਰੇਮ ਕਰਦਾ ਹੈ

ਅਫ਼ਸੀਆਂ 5:25 ਹੇ ਪਤਿਓ, ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ ਜਿਵੇਂ **ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ।**

ਪ੍ਰੇਮ ਦਿੰਦਾ ਹੈ ਅਤੇ ਬਿਨਾਂ ਝਿਝਕੇ ਬਲੀਦਾਨ ਕਰਦਾ ਹੈ।

ਯੂਹੰਨਾ 3:16 ਕਿਉਂਕਿ ਪਰਮੇਸ਼ਰ ਨੇ **ਜਗਤ ਨੂੰ ਅਜਿਹਾ ਪਿਆਰ** ਕੀਤਾ ਜੋ **ਉਹ ਨੇ** ਆਪਣਾ ਇਕਲੌਤਾ ਪੁੱਤਰ **ਬਖ਼ਸ਼ ਦਿੱਤਾ** ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।

- ਦਿੱਤਾ ਜਾਣ ਵਾਲਾ ਸਰਬਉੱਤਮ ਤੋਹਫਾ। ਸਰਬਉੱਚ ਬਲੀਦਾਨ

ਯਿਸੂ ਦਾ ਉਦਾਹਰਨ: ਫ਼ਿਲਿੱਪੀਆਂ 2:5-8

**ਤੁਹਾਡਾ ਉਹੋ ਸੁਭਾਉ ਹੋਵੇ** ਜੋ ਮਸੀਹ ਯਿਸੂ ਦਾ ਭੀ ਸੀ [6]ਕਿ ਉਸ ਨੇ ਪਰਮੇਸ਼ਰ ਦੇ ਸਰੂਪ ਵਿੱਚ ਹੋ ਕੇ
**ਪਰਮੇਸ਼ਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ।** [7]ਸਗੋਂ ਉਸ ਨੇ **ਆਪਣੇ ਆਪ ਨੂੰ ਸੱਖਣਾ ਕਰ ਕੇ**
**ਦਾਸ ਦਾ ਰੂਪ ਧਾਰਿਆ** ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ [8]ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ
**ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ ਮੌਤ ਤਾਈ ਸਗੋਂ ਸਲੀਬ ਦੀ **ਮੌਤ** ਤਾਈ **ਆਗਿਆਕਾਰ** ਬਣਿਆ।

**ਤੁਹਾਡਾ ਉਹੋ ਸੁਭਾਉ ਹੋਵੇ**

- ਵਿਆਹੁਤਾ ਜੀਵਨ ਇਸ ਕਰਕੇ ਬਰਬਾਦ ਹੋ ਜਾਂਦੇ ਹਨ ਕਿਉਂਕਿ ਪੁਰਸ਼ਾਂ ਦਾ ਸੁਭਾਉ ਅਜਿਹਾ ਨਹੀਂ ਹੁੰਦਾ।

ਪਰਮੇਸ਼ਰ ਦੇ **ਤੁੱਲ ਹੋਣਾ** ਕਬਜ਼ੇ ਰੱਖਣ ਦੀ ਚੀਜ਼ **ਨਾ ਜਾਣਿਆ।**

- **ਆਪਣੀ ਪਤਨੀ ਉੱਤੇ "ਸਿਰ" ਹੋਣ ਦੀ ਆਪਣੀ ਪਦਵੀ ਨੂੰ ਫੜ ਕੇ ਨਾ ਰੱਖੋ, ਇਸ ਨੂੰ ਤਿਆਗ ਦਓ।** ਜੋ ਕੋਈ ਤੁਹਾਡੇ ਵਿੱਚੋਂ **ਵੱਡਾ ਹੋਣਾ ਚਾਹੇ** ਸੋ ਤੁਹਾਡਾ **ਟਹਿਲੂਆ** ਹੋਵੇ। ਮੱਤੀ 20:26

ਆਪਣੇ ਆਪ ਨੂੰ **ਸੱਖਣਾ ਕਰ ਕੇ**

- **ਪਤੀ ਦੇ ਤੌਰ 'ਤੇ ਲਾਜ਼ਮੀ ਹੈ ਕਿ ਅਸੀਂ ਆਪਣੇ ਆਪ ਨੂੰ ਘੁਮੰਡ ਅਤੇ ਪਦਵੀ ਤੋਂ ਸੱਖਣਾ ਕਰ ਦੇਈਏ, ਖਾਲੀ ਕਰ ਦੇਈਏ।** ਤੁਸੀਂ ਅਗਲੇ ਚਲਣ ਦੀ ਉਸ **ਪੁਰਾਣੀ ਇਨਸਾਨੀਅਤ** ਨੂੰ **ਲਾਹ ਸੁੱਟੋ** ਜੋ...ਵਿਗੜਦੀ ਜਾਂਦੀ ਹੈ। [24]**ਨਵੀਂ ਇਨਸਾਨੀਅਤ** ਨੂੰ **ਪਹਿਨ ਲਓ** ਜਿਹੜੀ ਪਰਮੇਸ਼ਰ ਦੇ ਅਨੁਸਾਰ ਸਚਿਆਈ ਦੇ ਧਰਮ ਅਤੇ ਪਵਿੱਤਰਤਾਈ ਵਿੱਚ ਉਤਪਤ ਹੋਈ। ਅਫ਼ਸੀਆਂ 4:22

ਦਾਸ ਦਾ **ਰੂਪ ਧਾਰਿਆ**

- **ਲਾਜ਼ਮੀ ਹੈ ਕਿ ਤੁਸੀਂ ਆਪਣੀ ਪਤਨੀ ਅਤੇ ਆਪਣੇ ਪਰਿਵਾਰ ਦੇ ਦਾਸ ਬਣ ਜਾਓ। ਵਿਆਹੁਤਾ ਜੀਵਨ ਅਤੇ ਪਰਿਵਾਰ ਉਸ ਵੇਲੇ ਨਾਸ ਹੋ ਜਾਂਦੇ ਹਨ ਜਦ ਪੁਰਸ਼ ਇੱਕ ਉਦਾਹਰਨ ਬਣਨ ਦੀ ਬਜਾਏ ਆਪਣੀ ਪਤਨੀ ਉੱਤੇ "ਹੁਕਮ ਚਲਾਉਂਦੇ" ਹਨ।**

ਮੱਤੀ 20:27-28 ਅਤੇ ਜੋ ਕੋਈ ਤੁਹਾਡੇ ਵਿੱਚੋਂ ਸਰਦਾਰ ਬਣਿਆ ਚਾਹੇ ਸੋ ਤੁਹਾਡਾ **ਕਾਮਾ** ਹੋਵੇ।
[28]ਜਿਵੇਂ ਮਨੁੱਖ ਦਾ ਪੁੱਤਰ **ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ** ਅਤੇ ਬਹੁਤਿਆਂ ਦੇ
ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ **ਆਪਣੀ ਜਾਨ ਦੇਣ ਆਇਆ।**

ਪਤੀ, ਇੱਕ ਆਗੂ, ਹੋਣ ਦੇ ਨਾਤੇ, **ਲਾਜ਼ਮੀ ਹੈ ਕਿ ਅਸੀਂ ਆਪਣੀ ਪਤਨੀ** ਅਤੇ ਆਪਣੇ ਪਰਿਵਾਰ ਦਾ **ਕਾਮਾ** ਬਣ ਜਾਈਏ। ਲਾਜ਼ਮੀ ਹੈ ਕਿ ਅਸੀਂ ਤਿਆਗ ਕਰੀਏ, **ਆਪਣੇ ਜੀਵਨ ਦਾ ਬਲੀਦਾਨ ਕਰੀਏ,** ਤਾਂ ਜੋ ਸਾਡੀ ਪਤਨੀ ਅਤੇ ਬੱਚੇ ਉਸ **ਪ੍ਰੇਮ ਦੇ ਦੁਆਰਾ ਬਦਲ ਜਾਣ** ਜਿਹੜਾ ਮਸੀਹ ਵਰਗੇ ਸੇਵਕ ਆਗੂ ਵੱਲੋਂ ਦਰਸਾਇਆ ਜਾ ਰਿਹਾ ਹੈ। ਇਹੋ ਉੱਤਰ ਹੈ!

ਮਨੁੱਖਾਂ ਦੀ ਸੂਰਤ ਵਿੱਚ ਜੰਮਿਆ ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ **ਆਪਣੇ ਆਪ ਨੂੰ ਨੀਵਿਆਂ ਕੀਤਾ,** ਹੇਠਲਾ ਥਾਂ ਲੈਣਾ। ਕਿਵੇਂ? ਅਤੇ ਮੌਤ ਤਾਈ ਸਗੋਂ ਸਲੀਬ ਦੀ **ਮੌਤ ਤਾਈ ਆਗਿਆਕਾਰ** ਬਣੇ ਰਹਿਣ ਦੁਆਰਾ।

- ਪੁਰਨਉੱਥਾਨ ਦਾ ਜੀਵਨ ਤਦ ਤੱਕ ਨਹੀਂ ਆ ਸਕਦਾ ਜਦ ਤੱਕ ਪਹਿਲਾਂ ਇੱਕ ਮੌਤ ਨਾ ਹੋਵੇ। ਫਿਰ ਜੀਵਨ ਆਉਂਦਾ ਹੈ।

ਯੂਹੰਨਾ 12:24 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ **ਪੈ ਕੇ** ਨਾ **ਮਰੇ** ਤਾਂ ਉਹ **ਇਕੱਲਾ ਹੀ ਰਹਿੰਦਾ ਹੈ ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ।**

- **ਪੈ ਕੇ** – ਆਪਣੇ ਆਪ ਨੂੰ ਦੀਨ ਕਰੋ **ਮਰੇ** – ਸਵੈ ਦੀ ਮੌਤ / ਬਲੀਦਾਨ **ਬਹੁਤ ਸਾਰਾ ਫਲ ਦਿੰਦਾ** – ਆਤਮਾ ਦਾ ਫਲ: ਪ੍ਰੇਮ – ਅਨੰਦ – ਸ਼ਾਂਤੀ – ਧੀਰਜ – ਦਿਆਲਗੀ – ਭਲਿਆਈ – ਵਫ਼ਾਦਾਰੀ – ਨਰਮਾਈ – ਸੰਜਮ।

ਨਤੀਜਾ:

ਇੱਕ ਰੁਪਾਂਤਰਿਤ ਵਿਆਹੁਤਾ ਜੀਵਨ ਅਤੇ ਪਰਿਵਾਰ

1. ਯਿਸੂ ਨੇ ਆਪਣੀ ਦੁਲਹਨ ਨਾਲ ਇੱਕ ਨੇਮ ਸਥਾਪਿਤ ਕੀਤਾ ਹੈ।

ਯਹੋਵਾਹ ਪਰਮੇਸ਼ਰ ਨੇਮ ਸਥਾਪਿਤ ਕਰਨ ਵਾਲਾ ਅਤੇ ਉਸ ਨੂੰ ਨਿਭਾਉਣ ਵਾਲਾ ਪਰਮੇਸ਼ਰ ਹੈ। ਯਸਾਯਾਹ 54:10

ਪਰਮੇਸ਼ਰ ਵੱਲੋਂ ਬਾਈਬਲ ਵਿੱਚ ਸਥਾਪਿਤ ਕੀਤੇ ਗਏ ਅੱਠ ਨੇਮ

ਨੇਮ ਹੇਠ ਲਿਖੇ ਤਰੀਕੇ ਨਾਲ ਸਥਾਪਿਤ ਕੀਤਾ ਜਾਂਦਾ ਹੈ:

a) ਸ਼ਰਤਾਂ ਦੀ ਸਹਿਮਤੀ ਜਾਂ ਸੰਕਲਪ: ਉਤਪਤ 12:2-3, 7 "ਮੈਂ ਕਰਾਂਗਾ..."
b) ਲਹੂ ਵਹਾਇਆ ਜਾਣਾ: ਉਤਪਤ 15:9+
c) ਨੇਮ ਦਾ ਚਿੰਨ੍ਹ: ਉਤਪਤ 9:12 ਸਤਰੰਗੀ ਪੀਂਘ; 15:7 ਦੇਸ / (ਅੰਗੂਠੀ)
d) ਨਾਮ ਬਦਲਣਾ: ਉਤਪਤ 17:5 (ਪਤਨੀ ਪਤੀ ਦੇ ਨਾਮ ਨੂੰ ਲੈ ਲੈਂਦੀ ਹੈ)
e) ਦੋ ਇੱਕ ਹੋ ਜਾਂਦੇ ਹਨ / ਸਾਂਝੇ ਅਧਕਾਰੀ / ਇਕੱਠੇ ਖੜੇ ਹੁੰਦੇ ਹਨ, ਇਕੱਠੇ ਕੰਮ ਕਰਦੇ ਹਨ।

**ਵਿਆਹ ਇੱਕ ਨੇਮ ਹੈ** ਅਤੇ ਉਸੇ ਤਰੀਕੇ ਨਾਲ ਅਤੇ ਤਰਤੀਬ ਨਾਲ ਸਥਾਪਿਤ ਹੁੰਦਾ ਹੈ, ਜਿਸ ਨੂੰ ਪਰਮੇਸ਼ਰ ਨੇ ਆਪਣੇ ਵਚਨ ਵਿੱਚ ਦੱਸਿਆ ਹੈ (ਉੱਪਰ ਵੇਖੋ)।

ਮਲਾਕੀ 2:14 ਯਹੋਵਾਹ ਤੇਰੇ ਵਿੱਚ ਅਤੇ ਤੇਰੀ ਜੁਆਨੀ ਦੀ ਇਸਤਰੀ ਵਿੱਚ ਗਵਾਹ ਹੈ ਕਿਉਂ ਜੋ ਤੈਂ ਉਸ ਦੇ ਨਾਲ ਬੇਪਰਤੀਤੀ ਕੀਤੀ, ਭਾਵੇਂ ਉਹ ਤੇਰੀ **ਸਾਥਣ** ਅਤੇ **ਤੇਰੇ ਨੇਮ ਦੀ ਇਸਤਰੀ ਹੈ।**

"ਨੇਮ" ਸ਼ਬਦ ਦਾ ਇਬਰਾਨੀ ਭਾਸ਼ਾ ਵਿੱਚ ਅਰਥ ਹੈ: *"ਕੱਟਣਾ"* ਅਤੇ ਇਸ ਕਰਕੇ ਲਹੂ।

ਸਾਡੇ ਵਿਆਹ ਦਾ ਨੇਮ ਉਸੇ "ਨੇਮ" ਦੀ ਪੱਧਤੀ ਉੱਤੇ ਬਣਿਆ ਹੈ ਜਿਹੜਾ ਯਿਸੂ ਮਸੀਹ ਨੇ ਆਪਣੀ ਦੁਲਹਨ, ਕਲੀਸੀਆ, ਦੇ ਨਾਲ ਸਥਾਪਿਤ ਕੀਤਾ ਹੈ।

## ❖ ਸਰੀਰਕ ਸੰਬੰਧ ਲਹੂ ਦਾ ਨੇਮ ਸਥਾਪਿਤ ਕਰਦਾ ਹੈ।

ਪਰਮੇਸ਼ਰ ਨੇ ਇਸਤਰੀ ਦੇ ਸਰੀਰ ਨੂੰ ਇਸ ਤਰ੍ਹਾਂ ਦਾ ਬਣਾਇਆ ਹੈ ਕਿ ਉਸ ਦਾ ਪਹਿਲਾ ਸਰੀਰਕ ਸੰਬੰਧ ਲਹੂ ਦਾ ਨੇਮ ਬਣਦਾ ਹੈ (ਜਦ ਇਸਤਰੀ ਦੇ ਸਰੀਰ ਦੇ ਅੰਦਰ ਹਾਈਮਨ ਝਿੱਲੀ ਫੱਟਦੀ ਹੈ ਤਾਂ ਥੋੜਾ ਲਹੂ ਨਿਕਲਦਾ ਹੈ)।

- ਵਿਆਹ ਤੋਂ ਪਹਿਲਾਂ ਸਰੀਰਕ ਸੰਬੰਧ ਅਤੇ ਵਿਭਚਾਰ ਇਸ ਨੇਮ ਨੂੰ ਭੰਗ ਕਰਦੇ ਹਨ। ਕੂਚ 20:14
- **ਪ੍ਰੇਰਣਾ** ਕਾਮ ਵਾਸਨਾ ਨਹੀਂ ਪਰ **ਪ੍ਰੇਮ** ਹੁੰਦੀ ਹੈ।

ਨੇਮ ਦੇ **ਪਰਬੰਧ**:

a) ਬਲੀਦਾਨ - ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ ਅਫ਼ਸੀਆਂ 5:25
b) ਵਫ਼ਾਦਾਰੀ - ਮੈਂ ਤੈਨੂੰ ਕਦੇ ਨਾ ਛੱਡਾਂਗਾ... ਇਬਰਾਨੀਆਂ 13:5
c) ਪਰਬੰਧ - ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ ਮੱਤੀ 6:33
d) ਸੁਰੱਖਿਆ - ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ। ਲੂਕਾ 10:19
e) ਜਾਇਦਾਦ - ਸਾਂਝੇ ਅਧਕਾਰੀ ਰੋਮੀਆਂ 8:17

2. ਨੇਮ ਦਾ ਨਤੀਜਾ:

ਉਤਪਤ 2:24 ਸੋ ਪੁਰਸ਼ (1) ਆਪਣੇ ਮਾਪੇ ਛੱਡਕੇ (2) ਆਪਣੀ ਪਤਨੀ ਨਾਲ **ਮਿਲਿਆ ਰਹੇਗਾ** ਅਤੇ ਓਹ ਇੱਕ ਸਰੀਰ ਹੋਣਗੇ।

- ❖ ਮਿਲਿਆ ਰਹੇਗਾ (ਇਬਰਾਨੀ – ਦਾਬਾਕ਼) ਅਰਥ: ਜੁੜੇ ਰਹਿਣਾ ਜਾਂ ਚਿਪਕੇ ਰਹਿਣਾ, **ਮਿਲੇ ਰਹਿਣਾ**

ਮੱਤੀ 19:5 ਜੋ ਏਸ ਲਈ ਮਰਦ (1) ਆਪਣੇ ਮਾਪੇ ਛੱਡ ਕੇ (2) ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ ਓਹ ਦੋਵੇਂ ਇੱਕ ਸਰੀਰ ਹੋਣਗੇ।

- ❖ ਮਿਲਿਆ ਰਹੇਗਾ (ਯੂਨਾਨੀ – ਕੋੱਲਾਓ): ਇਕੱਠੇ ਚਿਪਕਣਾ ਜਾਂ ਜੁੜਣਾ; **ਇਕੱਠੇ ਜੁੜ ਜਾਣਾ**

ਮੱਤੀ 19:6 ਸੋ **ਹੁਣ ਓਹ ਦੋ ਨਹੀਂ** ਬਲਕਣ ਇੱਕੋ ਸਰੀਰ ਹਨ। ਸੋ ਜੋ ਕੁਝ **ਪਰਮੇਸ਼ਰ ਨੇ ਜੋੜ ਦਿੱਤਾ ਹੈ** (ਇਕੱਠਿਆਂ ਕਰ ਦਿੱਤਾ ਹੈ) **ਉਹ ਨੂੰ ਮਨੁੱਖ ਅੱਡ ਨਾ ਕਰੇ।**

ਕਦਮ:

1. **ਛੱਡਣਾ** → ਚਲੇ ਜਾਣਾ / ਵੱਖਰੇ ਹੋਣਾ।
   ਪੁਰਸ਼ ਐਨਾ ਪਰਿਪੱਕ ਅਤੇ ਯੋਗ ਹੋਵੇ ਕਿ ਆਪਣੀ ਪਤਨੀ ਲਈ ਪਰਬੰਧ ਕਰ ਸਕੇ। ਅਤੇ ਕੇਵਲ ਤਦ ਹੀ ਵਿਆਹ ਦੇ ਨੇਮ ਨੂੰ ਸੰਕਲਪ ਲੈਂਦਿਆਂ ਸਥਾਪਤ ਕਰੇ – ਨਾਮ ਬਦਲਨਾ – ਅਤੇ ਨੇਮ ਦਾ ਕੰਮ।

2. ਮਿਲਣਾ ਜਾਂ ਜੁੜਣਾ → ਚਿਰਸਥਾਈ / ਉਵੇਂ ਜੁੜਣਾ ਜਿਵੇਂ ਹੱਡੀ ਉੱਤੇ ਮਾਸ ਜੁੜਿਆ ਰਹਿੰਦਾ ਹੈ / **ਮਿਲੇ** ਰਹਿਣਾ / ਚਿਪਕੇ ਰਹਿਣਾ

---

ਵਿਗਿਆਨ ਨੇ ਦਰਸਾਇਆ ਹੈ ਕਿ ਸਰੀਰਕ ਸੰਬੰਧ ਬਣਾਉਂਦਿਆਂ ਦਿਮਾਗ ਵਿੱਚ ਸ਼ਕਤੀਸ਼ਾਲੀ ਹੋਰਮੋਨ ਪੈਦਾ ਹੁੰਦੇ ਹਨ ਜਿਹੜੇ ਅਸਲ ਵਿੱਚ ਦੋ ਜਣਿਆਂ ਵਿੱਚਕਾਰ ਇੱਕ **'ਰਿਸ਼ਤਾ ਸਥਾਪਿਤ ਹੋ ਜਾਣ ਦੇ ਤਜਰਬੇ'** ਦਾ ਅਹਿਸਾਸ ਕਰਾਉਂਦੇ ਹਨ।

---

- ਇੱਕ ਦੰਪਤੀ ਵਿੱਚਕਾਰ ਰਿਸ਼ਤਾ ਉਸ ਵੇਲੇ ਭੰਗ, ਦੂਸ਼ਿਤ ਅਤੇ ਕਮਜ਼ੋਰ ਹੋ ਜਾਂਦਾ ਹੈ ਜਦ ਕਿਸੇ ਦੂਜੇ ਵਿਅਕਤੀ ਦੇ ਨਾਲ ਸਰੀਰਕ ਸੰਬੰਧ ਸਥਾਪਿਤ (ਵਿਭਚਾਰ) ਕੀਤਾ ਜਾਂਦਾ ਹੈ। ਇੱਕ ਮਾਨਸਿਕ / ਜਜ਼ਬਾਤੀ / ਸਰੀਰਕ ਰਿਸ਼ਤਾ ਹੋਣ ਦੀ ਬਜਾਏ ਹੁਣ ਦੋ ਜਾਂ ਵਧੇਰੇ ਰਿਸ਼ਤੇ ਬਣ ਜਾਂਦੇ ਹਨ ਜਿਹੜੇ ਮਾਨਸਿਕ ਅਤੇ ਜਜ਼ਬਾਤੀ ਰਿਸ਼ਤੇ ਨੂੰ ਹੋਰ ਵੀ ਜ਼ਿਆਦਾ ਦੂਸ਼ਿਤ ਕਰਦੇ ਜਾਂਦੇ ਹਨ।

- ਵਿਆਹ ਤੋਂ ਪਹਿਲਾਂ ਸਰੀਰਕ ਸੰਬੰਧ ਉਸੇ ਮਾਨਸਿਕ / ਜਜ਼ਬਾਤੀ / ਸਰੀਰਕ ਰਿਸ਼ਤੇ ਦਾ ਨਿਰਮਾਣ ਕਰਦਾ ਹੈ ਜਿਹੜਾ ਭਵਿੱਖ ਦੇ ਵਿਆਹੁਤਾ ਰਿਸ਼ਤੇ ਨੂੰ ਕਮਜ਼ੋਰ ਅਤੇ ਦੂਸ਼ਿਤ ਕਰ ਦਿੰਦਾ ਹੈ।

a) ਇੱਕ ਸਰੀਰ ਦਾ ਅਰਥ:

- ਮਨੁੱਖ ਤਿੰਨ ਹਿੱਸਿਆਂ ਵਿੱਚ ਬਣਿਆ ਪ੍ਰਾਣੀ ਹੈ। 1 ਥੱਸਲੁਨੀਕੀਆਂ 5:23
- ਆਦਮ ਅਤੇ ਹੱਵਾਹ ਵਿੱਚ ਸੰਪੂਰਨ ਏਕਤਾ ਸੀ: ਆਤਮਾ – ਜਾਨ ਅਤੇ ਸਰੀਰ
  ਉਹ ਇੱਕ ਸਨ ਅਫ਼ਸੀਆਂ 5:28
- ਖੁੱਲ੍ਹੇ / ਪਾਰਦਰਸ਼ੀ / ਕੋਈ ਸ਼ਰਮ ਨਹੀਂ / ਸਹਿਮਤੀ ਵਿੱਚ ਇਮਾਨਦਾਰ
  ਮੱਤੀ 18:19

b) ਸ਼ਤਾਨ ਨੇ ਉਨ੍ਹਾਂ ਦੇ ਸੰਬੰਧ ਦੀ ਸ਼ਕਤੀ ਨੂੰ ਸਿਆਣ ਲਿਆ।

- ਉਹ ਇਸ ਨੂੰ ਨਾਸ ਕਰਨ ਲਈ ਨਿਕਲ ਪਿਆ। ਉਹ ਉਨ੍ਹਾਂ ਦੇ ਇਖਤਿਆਰ ਨੂੰ ਚਾਹੁੰਦਾ ਸੀ।

- ਅੱਜ ਵੀ ਹਰੇਕ ਸੰਭਵ ਤਰੀਕੇ ਨਾਲ (ਜਿਵੇਂ ਕਿ ਲੱਚਰ ਸਾਹਿਤ, ਅਸ਼ਲੀਲ ਤਸਵੀਰਾਂ ਵਗੈਰਾ) ਉਹ ਵਿਆਹ ਦੇ ਨੇਮ ਦੀ ਪਵਿੱਤਰਤਾ ਨੂੰ ਭੰਗ ਕਰਦਾ ਹੈ।

- ਜਿਸ ਨੂੰ ਪ੍ਰਭੂ ਸਭ ਤੋਂ ਵਧ ਪ੍ਰੇਮ ਕਰਦਾ ਹੈ, ਸ਼ਤਾਨ ਉਸੇ ਨੂੰ ਨਾਸ ਕਰਨ ਲਈ ਹਮਲਾ ਕਰਦਾ ਹੈ।
- ਉਤਪਤ 3:7 ਖੁਦਗਰਜ਼ ਹੋ ਗਏ। ਇੱਕ ਦੂਜੇ ਕੋਲੋਂ "ਕੱਜੇ ਗਏ"– ਇੱਕ ਦੂਜੇ ਤੋਂ ਵੱਖਰੇ ਹੋ ਗਏ। **ਅੱਜ ਵੀ ਇਹੋ ਹਾਲ ਹੈ!**
- ਉਤਪਤ 3:8 ਪਰਮੇਸ਼ਰ ਕੋਲੋਂ ਲੁਕ ਗਏ, ਜਿਸ ਨੂੰ ਵਿਆਹੁਤਾ ਜੀਵਨ ਦੇ ਕੇਂਦਰ ਵਿੱਚ ਹੋਣਾ ਚਾਹੀਦਾ ਸੀ। **ਅੱਜ ਵੀ ਇਹੋ ਹਾਲ ਹੈ!**
- ਉਤਪਤ 3:12 ਇਹ ਸਿਆਣਨ ਵਿੱਚ ਵਿਫਲ ਹੋ ਗਏ ਕਿ ਅਸਲ ਵੈਰੀ ਕੌਣ ਸੀ ਅਤੇ ਆਪਣੇ ਪਾਪ ਦੀ ਸਫਾਈ ਪੇਸ਼ ਕਰਨ ਲੱਗੇ। **ਅੱਜ ਵੀ ਇਹੋ ਹਾਲ ਹੈ!**
- ਉਤਪਤ 4:1 ਕੇਵਲ ਸਰੀਰਕ ਏਕਤਾ ਬਾਕੀ ਬਚੀ ਸੀ।

c) ਯਿਸੂ ਮਸੀਹ ਇਸ ਲਈ ਆਇਆ ਕਿ ਅਸਲ ਮਾਨਕਾਂ ਨੂੰ ਛੁਡਾਏ ਅਤੇ ਮੁੜ ਨਵਾਂ ਕਰੇ।

- ਛੁਟਕਾਰੇ ਤੋਂ ਪਹਿਲਾਂ:
  ਤਲਾਕ ਦੀ ਇਜਾਜ਼ਤ ਉਦੋਂ ਸੀ ਜਦ ਹਿਰਦੇ ਕਠੋਰ ਹੋ ਜਾਂਦੇ ਸਨ।
  ਯਿਸੂ ਸਾਡੇ ਕਠੋਰ ਹਿਰਦਿਆਂ ਨੂੰ ਬਦਲਣ ਆਇਆ ਸੀ। ਯਿਰਮਿਯਾਹ 32:39
- ਅਸਲ ਯੋਜਨਾ ਵਿੱਚ ਅਲਗਾਵ ਜਾਂ ਤਲਾਕ ਸ਼ਾਮਲ ਨਹੀਂ ਸੀ।

ਯਿਸੂ ਨੇ ਆਪਣੇ ਚੇਲਿਆਂ ਨਾਲ ਗੱਲ ਕਰਦਿਆਂ ਤਲਾਕ ਲਈ ਕੋਈ ਬਹਾਨਾ ਬਾਕੀ ਨਹੀਂ ਰੱਖਿਆ।
*"ਸਿਵਾਏ ਹਰਾਮਕਾਰੀ ਦੇ"* ਜੋ ਨੇਮ ਨੂੰ ਭੰਗ ਕਰਦੀ ਹੈ।

ਮੱਤੀ 19:3-9 ਫ਼ਰੀਸੀ ਉਹ ਦੇ ਪਰਤਾਉਣ ਲਈ ਉਹ ਦੇ ਕੋਲ ਆਣ ਕੇ ਬੋਲੇ, ਕੀ ਮਨੁੱਖ ਨੂੰ ਇਹ ਜੋਗ ਹੈ ਜੋ ਕਿਸੇ ਗੱਲੇ ਆਪਣੀ ਪਤਨੀ ਨੂੰ ਤਿਆਗ ਦੇਵੇ? (4) ਉਸ ਨੇ ਉੱਤਰ ਦਿੱਤਾ, ਕੀ ਤੁਸਾਂ ਇਹ ਨਹੀਂ ਪੜ੍ਹਿਆ ਭਈ ਜਿਸ ਨੇ ਉਨ੍ਹਾਂ ਨੂੰ ਬਣਾਇਆ ਉਹ ਨੇ ਮੁੱਢੋਂ ਉਨ੍ਹਾਂ ਨੂੰ ਨਰ ਅਤੇ ਨਾਰੀ ਬਣਾਇਆ? (5) ਅਤੇ ਕਿਹਾ, ਜੋ ਏਸ ਲਈ ਮਰਦ ਆਪਣੇ ਮਾਪੇ **ਛੱਡ ਕੇ** ਆਪਣੀ ਪਤਨੀ ਨਾਲ **ਮਿਲਿਆ ਰਹੇਗਾ** ਅਤੇ ਓਹ ਦੋਵੇਂ ਇੱਕ ਸਰੀਰ ਹੋਣਗੇ। (6) ਸੋ ਹੁਣ **ਓਹ ਦੋ ਨਹੀਂ** ਬਲਕਣ ਇੱਕੋ ਸਰੀਰ ਹਨ। ਸੋ ਜੋ ਕੁਝ **ਪਰਮੇਸ਼ਰ ਨੇ ਜੋੜ ਦਿੱਤਾ ਹੈ ਉਹ ਨੂੰ ਮਨੁੱਖ ਅੱਡ ਨਾ ਕਰੇ।** (7) ਉਨ੍ਹਾਂ ਨੇ ਉਸ ਨੂੰ ਆਖਿਆ, ਫੇਰ ਮੂਸਾ ਨੇ ਕਿਉਂ ਤਿਆਗ ਪੱਤ੍ਰੀ ਦੇਣ ਅਤੇ ਉਹ ਨੂੰ ਤਿਆਗਣ ਦੀ ਆਗਿਆ ਦਿੱਤੀ? (8) ਉਸ ਨੇ ਉਨ੍ਹਾਂ ਨੂੰ ਕਿਹਾ, ਮੂਸਾ ਨੇ **ਤੁਹਾਡੀ ਸਖ਼ਤ ਦਿਲੀ ਕਰਕੇ** ਤੁਹਾਨੂੰ ਆਪਣੀਆਂ ਪਤਨੀਆਂ ਤਿਆਗਣ ਦੀ ਪਰਵਾਨਗੀ ਦਿੱਤੀ

**ਪਰ ਮੁੱਢੋਂ ਅਜਿਹਾ ਨਾ ਸੀ।** (9) ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਜੋ ਕੋਈ ਆਪਣੀ ਪਤਨੀ ਨੂੰ ਬਿਨਾਂ ਹਰਾਮਕਾਰੀ ਦੇ ਕਿਸੇ ਹੋਰ ਕਾਰਨ ਤੋਂ ਤਿਆਗ ਦੇਵੇ ਅਤੇ ਦੂਈ ਨਾਲ ਵਿਆਹ ਕਰੇ ਸੋ ਜਨਾਹ ਕਰਦਾ ਹੈ।

- ਪ੍ਰਭੂ ਦਾ ਪੱਧਰ ਹੈ: ਸੋ ਜੋ ਕੁਝ **ਪਰਮੇਸ਼ਰ ਨੇ ਜੋੜ ਦਿੱਤਾ ਹੈ ਉਹ ਨੂੰ ਮਨੁੱਖ ਅੱਡ ਨਾ ਕਰੇ।**

- ਇਹ ਉਨ੍ਹਾਂ ਦੇ ਪ੍ਰਸ਼ਨ ਦੇ ਜਵਾਬ ਵਿੱਚ ਹੈ, [ਆਇਤ 7 ਫੇਰ ਮੂਸਾ ਨੇ ਕਿਉਂ ਤਿਆਗ ਪੱਤ੍ਰੀ ਦੇਣ ਅਤੇ ਉਹ ਨੂੰ ਤਿਆਗਣ ਦੀ ਆਗਿਆ ਦਿੱਤੀ?] ਪ੍ਰਭੂ ਨੇ ਸਮਝਾਇਆ ਕਿ ਇਹ "**ਤੁਹਾਡੀ ਸਖ਼ਤ ਦਿਲੀ ਕਰਕੇ**" ਹੋਇਆ। ਅਤੇ ਫਿਰ ਅੱਗੇ ਸਮਝਾਇਆ ਕਿ **ਅੱਜ *"ਸਿਵਾਏ ਹਰਾਮਕਾਰੀ ਦੇ"* ਤਲਾਕ ਦਾ ਹੋਰ ਕੋਈ ਕਾਰਨ ਨਹੀਂ ਹੈ,** ਕਿਉਂਕਿ ਇਹ ਵਿਆਹ ਦੇ ਨੇਮ ਨੂੰ ਦੂਸ਼ਿਤ ਕਰ ਦਿੰਦੀ ਹੈ।

- "ਸਖ਼ਤ ਦਿਲੀ" ਦੇ ਆਉਣ ਦੇ ਕਾਰਨ "ਮੂਸਾ ਵੱਲੋਂ ਦਿੱਤੀ ਗਈ ਆਗਿਆ" ਤੋਂ ਪਹਿਲਾਂ ਪ੍ਰਭੂ ਵੱਲੋਂ ਅਜਿਹਾ ਕੀਤੇ ਜਾਣ ਦਾ ਕੋਈ ਹਵਾਲਾ ਨਹੀਂ ਹੈ, ਜਿਵੇਂ ਕਿ ਅਗਲੀਆਂ ਆਇਤਾਂ ਵਿੱਚ ਵੇਖਿਆ ਜਾ ਸਕਦਾ ਹੈ। ਇਹ ਸਾਰੀਆਂ ਅਸਲ ਪੱਧਤੀ ਨੂੰ ਦਰਸਾਉਂਦੀਆਂ ਹਨ।
  ਮੱਤੀ ਵਿਚਲੇ ਬੰਦ ਵਿੱਚ ਹੀ "ਅਪਵਾਦ ਵਾਲਾ ਵਾਕ" ਦਿੱਤਾ ਗਿਆ ਹੈ।

ਮਰਕੁਸ ਇਸੇ ਆਇਤ ਨੂੰ ਲਿਖਦਾ ਹੈ ਅਤੇ "ਅਪਵਾਦ ਵਾਲੇ ਵਾਕ" ਨੂੰ ਸ਼ਾਮਲ ਨਹੀਂ ਕਰਦਾ ਹੈ।

ਮਰਕੁਸ 10:11-12 ਤਾਂ ਉਸ ਨੇ ਉਨ੍ਹਾਂ ਨੂੰ ਆਖਿਆ, ਜੋ ਕੋਈ ਆਪਣੀ ਪਤਨੀ ਨੂੰ ਤਿਆਗ ਦੇਵੇ ਅਰ ਦੂਈ ਨਾਲ ਵਿਆਹ ਕਰੇ ਉਹ ਉਸ ਦੇ ਵਿਰੁੱਧ ਜ਼ਨਾਹ ਕਰਦਾ ਹੈ। (12) ਅਤੇ ਜੇ ਉਹ ਆਪਣੇ ਭਰਥਾ ਨੂੰ ਤਿਆਗ ਕੇ ਦੂਏ ਨਾਲ ਵਿਆਹ ਕਰੇ ਤਾਂ ਉਹ ਜ਼ਨਾਹ ਕਰਦੀ ਹੈ।

ਲੂਕਾ 16:18 ਹਰੇਕ ਜੋ ਆਪਣੀ ਪਤਨੀ ਨੂੰ ਤਿਆਗ ਕੇ ਦੂਈ ਨੂੰ ਵਿਆਹੇ ਸੋ ਜ਼ਨਾਹ ਕਰਦਾ ਹੈ ਅਤੇ ਜਿਹੜਾ ਖਸਮ ਦੀ ਤਿਆਗੀ ਹੋਈ ਇਸਤਰੀ ਨੂੰ ਵਿਆਹੇ ਉਹ ਜ਼ਨਾਹ ਕਰਦਾ ਹੈ।

ਰੋਮੀਆਂ 7:1-4 ਹੇ ਭਰਾਵੋ, ਕੀ ਤੁਸੀਂ ਇਸ ਗੱਲ ਤੋਂ ਅਣਜਾਣ ਹੋ (ਕਿਉਂ ਜੋ ਮੈਂ ਉਨ੍ਹਾਂ ਨਾਲ ਬੋਲਦਾ ਹਾਂ ਜਿਹੜੇ ਸ਼ਰਾ ਤੋਂ ਵਾਕਫ਼ ਹਨ) ਭਈ ਜਿਨ੍ਹਾਂ ਚਿਰ ਮਨੁੱਖ ਜੀਉਂਦਾ ਹੈ ਉੱਨਾ ਚਿਰ ਸ਼ਰਾ ਉਸ ਉੱਤੇ ਵੱਸ ਰੱਖਦੀ ਹੈ? (2) ਸੁਹਾਗਣ ਜਦ ਤੀਕ ਉਹ ਦਾ ਭਰਤਾ **ਜੀਉਂਦਾ** ਹੈ ਸ਼ਰਾ ਦੇ ਅਨੁਸਾਰ ਉਹ ਦੇ **ਬੰਧਨ** ਵਿੱਚ ਰਹਿੰਦੀ ਹੈ ਪਰ ਜੇ ਭਰਤਾ **ਮਰ ਜਾਏ** ਤਾਂ ਉਹ ਭਰਤਾ ਦੀ ਸ਼ਰਾ ਤੋਂ **ਛੁੱਟ ਗਈ** ਹੈ। (3) **ਇਸ ਲਈ ਜੇ ਉਹ ਆਪਣੇ ਭਰਤਾ ਦੇ ਜੀਉਂਦੇ ਜੀ** ਦੂਏ ਦੀ ਹੋ ਜਾਵੇ ਤਾਂ ਜ਼ਾਨੀ ਸਦਾਵੇਗੀ **ਪਰ ਜੇ ਉਹ ਦਾ ਭਰਤਾ ਮਰ ਜਾਏ** ਤਾਂ ਉਹ ਸ਼ਰਾ ਤੋਂ **ਛੁੱਟ ਗਈ** ਹੈ ਅਤੇ ਭਾਵੇਂ ਦੂਏ ਭਰਤਾ ਦੀ ਹੋ ਭੀ ਜਾਵੇ ਪਰ ਉਹ ਜ਼ਾਨੀ ਨਹੀਂ ਹੁੰਦੀ। (4) ਸੋ ਮੇਰਿਓ ਭਰਾਵੋ ਤੁਸੀਂ ਵੀ ਮਸੀਹ ਦੀ ਦੇਹੀ ਦੇ ਵਸੀਲੇ ਨਾਲ ਸ਼ਰਾ ਦੇ ਸਰਬੰਧੋਂ ਮਰ ਗਏ ਭਈ ਤੁਸੀਂ ਦੂਏ ਦੇ ਹੋ ਜਾਓ ਅਰਥਾਤ ਉਹ ਦੇ ਜਿਹੜਾ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਾਂ ਜੋ ਅਸੀਂ ਪਰਮੇਸ਼ਰ ਦੇ ਲਈ ਫਲ ਦੇਈਏ।

ਇਹ ਤਿੰਨੇ ਬੰਦ "ਅਸਲ ਪੱਧਤੀ" ਨੂੰ ਅਤੇ ਪ੍ਰਭੂ ਦੇ ਮੰਤਵ ਨੂੰ ਦਰਸਾਉਂਦੇ ਹਨ, ਜਿਹੜਾ ਕਿ ਉਹ ਉੱਚ ਪੱਧਰ ਹੈ ਜਿਸ ਤੱਕ ਸਾਨੂੰ ਪੁੱਜਣਾ ਹੈ।

**ਪਰ ਫਿਰ ਵੀ** – ਸਾਡੇ ਹਿਰਦਿਆਂ ਦੀ ਅਵਸਥਾ ਦੇ ਕਾਰਨ **ਪੌਲੁਸ ਆਪਣਾ ਵਿਚਾਰ** ਵੀ ਪੇਸ਼ ਕਰਦਾ ਹੈ (ਜਿਵੇਂ ਕਿ ਮੂਸਾ ਨੇ ਇਜਾਜ਼ਤ ਦਿੱਤੀ ਸੀ) ਕਿ ਜੇਕਰ ਤੁਹਾਡੇ ਜੀਵਨਸਾਥੀ ਨੇ ਤੁਹਾਥੋਂ ਤਲਾਕ ਲੈ ਲਿਆ ਹੈ ਤਾਂ ਤੁਸੀਂ ਦੁਬਾਰਾ ਵਿਆਹ ਕਰਨ ਲਈ ਅਜ਼ਾਦ ਹੋ।

1 ਕੁਰਿੰਥੀਆਂ 7:25-29 ਪਰ ਕੁਆਰੀਆਂ ਦੇ ਵਿਖੇ ਪ੍ਰਭੂ ਦੀ ਮੈਨੂੰ ਕੋਈ ਆਗਿਆ ਨਹੀਂ ਪਰ ਜਿਵੇਂ ਮੈਨੂੰ ਨਿਹਚੇ ਜੋਗ ਹੋਣ ਦੇ ਕਾਰਨ ਪ੍ਰਭੂ ਦੀ ਵੱਲੋਂ ਦਯਾ ਮਿਲੀ ਤਿਵੇਂ ਹੀ ਮੈਂ ਸਲਾਹ ਦਿੰਦਾ ਹਾਂ। (26) ਸੋ ਏਹ ਮੈਨੂੰ ਚੰਗਾ ਲੱਗਦਾ ਹੈ ਕਿ ਵਰਤਮਾਨ ਕਸ਼ਟ ਦੇ ਕਾਰਨ ਮਨੁੱਖ ਲਈ ਇਹ ਭਲਾ ਹੈ ਭਈ ਉਹ ਓਦਾਂ ਹੀ ਰਹੇ। (27) ਕੀ ਤੂੰ ਪਤਨੀ ਨਾਲ ਬੱਝਾ ਹੋਇਆ ਹੈਂ? ਤਾਂ ਛੁਟਕਾਰਾ ਨਾ ਢੂੰਡ। ਕੀ ਤੂੰ ਪਤਨੀ ਤੋਂ ਛੁੱਟਿਆ ਹੋਇਆ ਹੈਂ? ਤਾਂ ਪਤਨੀ ਨਾ ਢੂੰਡ। (28) **ਪਰ ਜੇ ਤੂੰ ਵਿਆਹ ਕਰ ਲਵੇਂ ਤਾਂ ਪਾਪ ਨਹੀਂ ਕਰਦਾ** ਅਤੇ ਜੇ ਕੁਆਰੀ ਵਿਆਹੀ ਜਾਵੇ ਤਾਂ ਉਹ ਪਾਪ ਨਹੀਂ ਕਰਦੀ ਪਰ ਏਹੋ ਜੇਹੇ ਲੋਕ ਸਰੀਰ ਵਿੱਚ ਦੁੱਖ ਭੋਗਣਗੇ ਅਤੇ ਮੈਂ ਤੁਹਾਨੂੰ ਬਚਾਉਣਾ ਚਾਹੁੰਦਾ ਹਾਂ।

ਉਪਰੋਕਤ ਅਨੁਵਾਦ ਯੂਨਾਨੀ ਦੇ ਬਹੁਤ ਨੇੜੇ ਹੈ, ਕਿਉਂਕਿ *"ਛੁੱਟਿਆ ਹੋਇਆ"* ਲਈ ਇਸਤੇਮਾਲ ਕੀਤਾ ਗਿਆ ਯੂਨਾਨੀ ਸ਼ਬਦ ਖਾਸ ਤੌਰ 'ਤੇ ਤਲਾਕ ਵੱਲ ਇਸ਼ਾਰਾ ਕਰਦਾ ਹੈ (Strong ਦਾ ਕੋਨਕੋਰਡੰਸ #3080)।

---

D. ਅਜਿਹਾ ਪਤੀ ਜਿਹੜਾ ਆਪਣੀ ਪਤਨੀ ਨਾਲ "ਵੱਸਦਾ" ਹੈ 1 ਪਤਰਸ 3:7

ਇਸੇ ਤਰਾਂ ਹੇ ਪਤੀਓ, **ਬੁੱਧ ਦੇ ਅਨੁਸਾਰ** ਆਪਣੀਆਂ ਪਤਨੀਆਂ **ਨਾਲ ਵੱਸੋ** ਅਤੇ ਇਸਤਰੀ ਨੂੰ ਆਪਣੇ ਨਾਲੋਂ ਕੋਮਲ ਸਰੀਰ ਜਾਣ ਕੇ ਅਤੇ ਇਹ ਭੀ ਭਈ ਤੁਸੀਂ ਦੋਵੇਂ ਜੀਵਨ ਦੀ ਬਖ਼ਸ਼ੀਸ਼ ਦੇ ਸਾਂਝੇ ਅਧਕਾਰੀ ਹੋ ਉਹ ਦਾ ਆਦਰ ਕਰੋ ਤਾਂ ਜੋ ਤੁਹਾਡੀਆਂ ਪ੍ਰਾਰਥਨਾਂ ਰੁਕ ਨਾ ਜਾਣ।

- "**ਨਾਲ ਵੱਸੋ**" – ਇਕੱਠਿਆਂ ਜੀਵਨ, ਅਨੰਦ ਕਰਦਿਆਂ, ਇਕੱਠਿਆਂ ਸਭਕੁਝ ਸਾਂਝਾ ਕਰਦਿਆਂ।
  ਉਹ ਕੱਪੜੇ ਧੋਣ, ਭਾਂਡੇ ਮਾਂਜਣ, ਖਾਣਾ ਪਕਾਉਣ ਵਾਲੀ ਨੌਕਰਾਨੀ ਨਹੀਂ ਹੈ।

ਇਕੱਠਿਆਂ ਜੀਵਨ ਸਾਂਝਾ ਕਰਨ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

1. ਜਿਵੇਂ ਉਹ ਹੈ **ਉਸ ਨੂੰ** ਉਵੇਂ ਹੀ **ਕਬੂਲ ਕਰੋ। ਉਸ ਨੂੰ ਬਦਲਣ ਦਾ ਜਤਨ ਨਾ ਕਰੋ।** ਉਸ ਨੂੰ ਪਰਮੇਸ਼ਰ ਵੱਲੋਂ ਮਿਲੀ ਸ਼ਖਸੀਅਤ ਤੁਹਾਥੋਂ ਵਖਰੀ ਹੈ। ਉਸ ਨੇ ਆਪਣੇ ਘਰ ਵਿੱਚ ਕੰਮ ਕਰਨ ਦੇ ਤਰੀਕੇ ਤੁਹਾਡੇ ਨਾਲੋਂ ਵੱਖਰੇ ਸਿੱਖੇ ਹਨ। ਉਸ ਨੂੰ ਬਦਲਣ ਦਾ ਜਤਨ ਕਰਨ ਦਾ ਅਰਥ ਉਸ ਨੂੰ ਰੱਦਣਾ ਹੈ।

2. **ਪਰਵਾਨਗੀ** (ਬਨਾਮ ਨਿਖੇਧੀ) ਸ਼ਬਦ!!! ਬੋਲਣ ਦਾ ਲਹਿਜ਼ਾ

1 ਕੁਰਿੰਥੀਆਂ 16:14 ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ।

3. **ਲਗਾਉ** (ਬਨਾਮ ਦੂਰੀਆਂ) ਸਰੇਸ਼ਠ ਗੀਤ

ਤੁਹਾਡੀ ਪਤਨੀ ਨੂੰ, ਕਿਉਂਕਿ ਉਹ ਇੱਕ ਇਸਤਰੀ ਹੈ, ਲੋੜ ਹੈ ਕਿ ਤੁਸੀਂ ਉਸ ਦੀ ਕੋਮਲਤਾ ਭਰੀ ਪ੍ਰੇਮੀ ਦੇਖਭਾਲ ਕਰੋ, ਉਸ ਨੂੰ ਗਲੇ ਲਗਾਓ, ਉਸ ਦਾ ਹੱਥ ਫੜੋ, ਅਤੇ ਜਿਵੇਂ ਕਿ ਇੱਕ ਗੀਤ ਦੇ ਬੋਲ ਹਨ, "ਜਦ ਤੂੰ ਮੇਰੇ ਕੋਲੋਂ ਦੀ ਲੰਘੇ ਤਾਂ ਮੇਰੇ ਵਾਲਾਂ ਨੂੰ ਛੂਹ, ਇਹ ਨਿੱਕੀਆਂ-ਨਿੱਕੀਆਂ ਗੱਲਾਂ ਦਿਲਾਂ ਨੂੰ ਛੂਹ ਜਾਂਦੀਆਂ ਹਨ।"

ਇਹ ਸੱਚ ਹੈ ਕਿ **ਛੋਹ**, ਨਿੱਜੀ ਸੰਪਰਕ, ਪਰਵਾਨਗੀ ਨੂੰ ਦਰਸਾਉਂਦਾ ਹੈ, ਜਿਸ ਦੀ ਹਰੇਕ ਨੂੰ ਬਹੁਤ ਜ਼ਿਆਦਾ ਲੋੜ ਹੈ ਤਾਂ ਜੋ ਉਨ੍ਹਾਂ ਦੇ ਹਿਰਦੇ ਦੇ **ਖਾਲੀਪਣ** ਨੂੰ ਭਰਿਆ ਜਾ ਸਕੇ। ਪਤਨੀ ਅਤੇ ਬੱਚਿਆਂ ਅੰਦਰਲੇ ਇਸ ਖਾਲੀਪਣ ਨੂੰ ਪਤੀ ਜਾਂ ਪਿਤਾ ਵੱਲੋਂ ਭਰਿਆ **ਜਾਵੇ**, ਹੋਰ ਕਿਸੇ ਵੱਲੋਂ ਨਹੀਂ, ਉਵੇਂ ਹੀ ਜਿਵੇਂ ਇੱਕ ਨੌਜਵਾਨ ਲੜਕਾ ਆਪਣੀ ਦੋਸਤ ਨੂੰ ਮਿਲਣ 'ਤੇ ਕਰਦਾ ਹੈ।

4. **ਪੁਰਨਮੇਲ** → ਸਹੀ ਸੰਬੰਧ ਨੂੰ ਪੁਨਰ ਸਥਾਪਿਤ ਕਰੋ। ਮੱਤੀ 5:21-24 ਪਤੀ / ਆਗੂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਪਤਨੀ ਦੇ ਨਾਲ ਸਹੀ ਸੰਬੰਧ ਨੂੰ ਪੁਰਨ ਸਥਾਪਿਤ ਕਰੇ ਅਤੇ ਉਸ ਨੂੰ ਕਾਇਮ ਰੱਖੇ।

5. **ਮਾਫੀ**

1 ਕੁਰਿੰਥੀਆਂ 13:5 ਪ੍ਰੇਮ ਬੁਰਾ **ਨਹੀਂ ਮੰਨਦਾ।**

1 ਪਤਰਸ 4:8 ਸਭ ਤੋਂ ਪਹਿਲਾਂ ਇਹ ਹੈ ਭਈ ਤੁਸੀਂ ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ ਕਿਉਂ ਜੋ **ਪ੍ਰੇਮ ਬਾਹਲਿਆਂ ਪਾਪਾਂ ਨੂੰ ਢੱਕ ਲੈਂਦਾ ਹੈ।**

ਪਰਿਭਾਸ਼ਾ: ਕਿਸੇ ਵੀ ਤਰ੍ਹਾਂ ਦੀ ਗਲਤੀ ਜਾਂ ਕਰਜ਼ ਨੂੰ ਬਿਨਾਂ ਕਿਸੇ ਕੀਮਤ ਦੇ ਬਖਸ਼ ਦੇਣਾ ਅਤੇ ਭੁਲਾ ਦੇਣਾ।

ਉਸ ਦੀ ਗਲਤੀ ਬਾਰੇ ਕਿਸੇ ਵੀ ਵਿਅਕਤੀ ਨਾਲ ਗੱਲ ਨਾ ਕਰੋ: ਕਹਾਉਤਾਂ 17:9

## ਪਰਮੇਸ਼ਰ ਨੇ ਸਾਨੂੰ ਮਾਫ ਕਰਨ ਦਾ ਹੁਕਮ ਦਿੱਤਾ ਹੋਇਆ ਹੈ।

a) ਜੇਕਰ ਅਸੀਂ ਦੂਜਿਆਂ ਨੂੰ ਮਾਫ ਕਰਦੇ ਹਾਂ – ਤਾਂ ਸਾਨੂੰ ਮਾਫੀ ਮਿਲਦੀ ਹੈ।

ਮੱਤੀ 6:14-15 ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਦਿਓ ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ। [15]ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਨਾ ਕਰੇਗਾ।

b) ਮਾਫ ਨਾ ਕਰਨ ਨਾਲ ਇੱਕ **ਬੰਧਣ** ਆਣ ਪੈਂਦਾ ਹੈ ਮੱਤੀ 18:23-35

ਇਹ ਸ਼ਤਾਨੀ ਗੜ੍ਹਾਂ ਦੀ ਜੜ੍ਹ ਵੀ ਬਣ ਸਕਦਾ ਹੈ
ਮੱਤੀ 18:34-35 ... ਜਿੰਨਾ ਚਿਰ ਸਾਰਾ ਕਰਜ ਭਰ ਨਾ ਦੇਵੇ ਉਸ ਦੇ ਮਾਲਕ ਨੇ ਕ੍ਰੋਧੀ ਹੋ ਕੇ ਉਹ ਨੂੰ **ਦੁੱਖ ਦਾਇਕਾਂ** ਦੇ ਹਵਾਲੇ ਕੀਤਾ। [35]ਇਸੇ ਤਰਾਂ ਮੇਰਾ ਸੁਰਗੀ ਪਿਤਾ ਵੀ ਤੁਹਾਡੇ ਨਾਲ ਕਰੇਗਾ ਜੇ ਤੁਸੀਂ ਆਪਣੇ ਭਾਈਆਂ ਨੂੰ ਆਪਣੇ ਦਿਲਾਂ ਤੋਂ ਮਾਫ਼ ਨਾ ਕਰੋ।

c) ਪਰਮੇਸ਼ਰ ਦੀਆਂ ਪ੍ਰਤਿੱਗਿਆਵਾਂ ਨੂੰ ਡੱਕ ਦਿੰਦਾ ਹੈ।

ਮੱਤੀ 5:23 -24 ਸੋ ਜੇ ਤੂੰ ਜਗਵੇਦੀ ਉੱਤੇ ਆਪਣੀ ਭੇਟ ਚੜ੍ਹਾਉਣ ਲੱਗੇਂ ਅਰ ਉੱਥੇ ਤੈਨੂੰ ਚੇਤੇ ਆਵੇ ਜੋ ਮੈਂ ਆਪਣੇ ਭਰਾ ਨਾਲ ਖੋਟ ਕਮਾਇਆ ਹੈ। [24]ਤਾਂ ਉੱਥੇ ਆਪਣੀ ਭੇਟ ਜਗਵੇਦੀ ਦੇ ਸਾਹਮਣੇ ਛੱਡ ਕੇ ਚੱਲਿਆ ਜਾਹ ਅਤੇ **ਪਹਿਲਾਂ ਆਪਣੇ ਭਰਾ ਨਾਲ ਮੇਲ ਕਰ।** ਪਿੱਛੋਂ ਆਣ ਕੇ ਆਪਣੀ ਭੇਟ ਚੜ੍ਹਾ।

ਮਰਕੁਸ 11:25 ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ, **ਜੇ ਤੁਹਾਡਾ ਕਿਸੇ ਨਾਲ** ਵਿਰੋਧ ਹੋਵੇ ਤਾਂ ਉਹ ਨੂੰ **ਮਾਫ਼ ਕਰੋ** ਤਾਂ ਜੋ ਤੁਹਾਡਾ ਪਿਤਾ ਵੀ ਜਿਹੜਾ ਸੁਰਗ ਵਿੱਚ ਹੈ ਤੁਹਾਡਿਆਂ ਅਪਰਾਧਾਂ ਨੂੰ ਮਾਫ਼ ਕਰੇ।

d) ਸਾਡੇ ਜੀਵਨਸਾਥੀ ਨੂੰ ਸਾਡੀ ਮਾਫੀ ਮਿਲਣ ਤੋਂ ਪਹਿਲਾਂ ਤੋਬਾ ਕਰਨ ਦੀ ਲੋੜ ਨਹੀਂ ਹੈ। ਲੂਕਾ 23:34 ਤਦ ਯਿਸੂ ਨੇ ਆਖਿਆ, ਹੇ ਪਿਤਾ, ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ। ਅਤੇ ਉਨ੍ਹਾਂ ਉਸ ਦੇ ਕੱਪੜੇ ਵੰਡ ਕੇ ਗੁਣੇ ਪਾਏ।

ਇਸਤੀਫਾਨ - ਰਸੂਲਾਂ 7:60 ਫੇਰ ਉਹ ਗੋਡੇ ਟੇਕ ਕੇ ਉੱਚੀ ਬੋਲਿਆ ਕਿ ਹੇ ਪ੍ਰਭੂ ਇਹ ਪਾਪ ਉਨ੍ਹਾਂ ਦੇ ਜ਼ੁੰਮੇ ਨਾ ਲਾ!

e) ਇਸ ਦੀ ਕੋਈ ਹੱਦ ਨਹੀਂ ਹੈ ਕਿ ਅਸੀਂ ਆਪਣੇ ਜੀਵਨਸਾਥੀ ਨੂੰ ਕਿੰਨੀ ਵਾਰੀ ਮਾਫ ਕਰਨਾ ਹੈ।
ਮੱਤੀ 18:22 ਯਿਸੂ ਨੇ ਉਹ ਨੂੰ ਕਿਹਾ, ਮੈਂ ਤੈਨੂੰ ਸੱਤ ਵਾਰ ਤੀਕਰ ਨਹੀਂ ਆਖਦਾ ਪਰ ਸੱਤਰ ਦੇ ਸੱਤ ਗੁਣਾ ਤੀਕਰ।

f) **ਪ੍ਰੇਮ** ਗਲਤੀਆਂ ਦਾ ਲੇਖਾ ਨਹੀਂ ਰੱਖਦਾ।
1 ਕੁਰਿੰਥੀਆਂ 13:5 ਪ੍ਰੇਮ ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ।

g) **ਪ੍ਰੇਮ** ਬਾਹਲਿਆਂ ਪਾਪਾਂ ਨੂੰ **ਢੱਕ ਲੈਂਦਾ ਹੈ।** 1 ਪਤਰਸ 4:8

h) ਜੇਕਰ ਤੁਹਾਡਾ ਜੀਵਨਸਾਥੀ ਕਿਸੇ ਪਾਪ ਨੂੰ ਬਾਰ-ਬਾਰ ਦੁਹਰਾਉਂਦਾ ਹੈ: ਤਾਂ ਉਵੇਂ **ਮਾਫ਼ ਕਰੋ** ਜਿਵੇਂ ਪਰਮੇਸ਼ਰ ਕਰਦਾ ਹੈ।

ਯਸਾਯਾਹ 43:25 ਮੈਂ ਤੇਰੇ ਪਾਪਾਂ ਨੂੰ ਚੇਤੇ ਨਹੀਂ ਰੱਖਾਂਗਾ।

ਜ਼ਬੂਰ 103:12 ਜਿੰਨਾ ਚੜ੍ਹਦਾ ਲਹਿੰਦੇ ਤੋਂ ਦੂਰ ਹੈ, ਉੱਨੇ ਹੀ ਉਹ ਨੇ ਸਾਡੇ ਅਪਰਾਧ ਸਾਥੋਂ ਦੂਰ ਕੀਤੇ ਹਨ!

i) ਮਾਫ ਕਰਨਾ ਇੱਛਾ ਦਾ ਇੱਕ ਕੰਮ ਹੈ, ਜਜ਼ਬਾਤ ਆਪਣੇ ਆਪ ਮਗਰ ਆ ਜਾਣਗੇ।

j) ਸਾਨੂੰ ਆਪਣੇ ਆਪ ਨੂੰ ਜਾਂਚਣ ਦੀ ਲੋੜ ਹੈ, ਆਪਣੇ ਜੀਵਨਸਾਥੀ ਨੂੰ ਨਹੀਂ।

ਮੱਤੀ 7:1-5 **ਦੋਸ਼ ਨਾ ਲਾਓ** ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਏ। [2]ਕਿਉਂਕਿ ਜਿਸ ਨਿਆਉਂ ਨਾਲ ਤੁਸੀਂ ਦੋਸ਼
ਲਾਉਂਦੇ ਹੋ ਉਸੇ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ਅਤੇ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ
ਲਈ ਮਿਣਿਆ ਜਾਵੇਗਾ। [3]ਅਤੇ ਤੂੰ ਉਸ ਕੱਖ ਨੂੰ ਜਿਹੜਾ ਤੇਰੇ ਭਾਈ ਦੀ ਅੱਖ ਵਿੱਚ ਹੈ **ਕਿਉਂ** ਵੇਖਦਾ ਹੈਂ ਪਰ ਉਸ ਸ਼ਤੀਰ
ਦੀ ਵੱਲ ਜੋ ਤੇਰੀ ਆਪਣੀ ਅੱਖ ਵਿੱਚ ਹੈ ਧਿਆਨ ਨਹੀਂ ਕਰਦਾ**?** [4]ਅਥਵਾ ਕਿੱਕੁਰ ਤੂੰ ਆਪਣੇ ਭਾਈ ਨੂੰ ਆਖੇਂਗਾ, ਲਿਆ
ਤੇਰੀ ਅੱਖ ਵਿੱਚੋਂ ਕੱਖ ਕੱਢ ਸੁੱਟਾਂ ਅਤੇ ਵੇਖ ਤੇਰੀ ਆਪਣੀ ਅੱਖ ਵਿੱਚ ਸ਼ਤੀਰ ਹੈ! [5]ਹੇ ਕਪਟੀ ਪਹਿਲਾਂ ਉਸ ਸ਼ਤੀਰ ਨੂੰ
ਆਪਣੀ ਅੱਖੋਂ ਕੱਢ ਤਾਂ ਚੰਗੀ ਤਰਾਂ ਵੇਖ ਕੇ ਤੂੰ ਉਸ ਕੱਖ ਨੂੰ ਆਪਣੇ ਭਾਈ ਦੀ ਅੱਖੋਂ ਕੱਢ ਸੱਕੇਂਗਾ।

k) ਪਰਮੇਸ਼ਰ ਦੇ ਨਾਲ ਸਾਥ ਅਤੇ ਨੇੜਤਾ ਵਿੱਚ ਰੁਕਾਵਟ ਆ ਜਾਂਦੀ ਹੈ:

ਯਸਾਯਾਹ 59:2 ਸਗੋਂ ਤੁਹਾਡੀਆਂ ਬਦੀਆਂ ਨੇ ਤੁਹਾਡੇ ਵਿੱਚ ਅਤੇ ਤੁਹਾਡੇ ਪਰਮੇਸ਼ਰ ਵਿੱਚ ਜੁਦਾਈ ਪਾ ਦਿੱਤੀ ਹੈ, ਅਤੇ ਤੁਹਾਡੇ ਪਾਪਾਂ ਨੇ ਉਹ ਦਾ ਮੂੰਹ ਤੁਹਾਥੋਂ ਲੁਕਾ ਦਿੱਤਾ ਹੈ, ਭਈ ਉਹ ਨਾ ਸੁਣੇ।

l) ਅਸੀਂ ਤਰੱਕੀ ਨਹੀਂ ਕਰ ਸਕਾਂਗੇ

ਕਹਾਉਤਾਂ 28:13 ਜਿਹੜਾ ਆਪਣੇ ਅਪਰਾਧਾਂ ਨੂੰ ਲਕੋ ਲੈਂਦਾ ਹੈ ਉਹ ਸਫ਼ਲ ਨਹੀਂ ਹੁੰਦਾ, ਪਰ ਜੋ ਓਹਨਾਂ ਨੂੰ ਮੰਨ ਕੇ ਛੱਡ ਦਿੰਦਾ ਹੈ ਉਹ ਦੇ ਉੱਤੇ ਰਹਿਮ ਕੀਤਾ ਜਾਵੇਗਾ।

m) ਕੁੜੱਤਣ

ਇਬਰਾਨੀਆਂ 12:15 ਵੇਖਣਾ ਭਈ ਕੋਈ ਪਰਮੇਸ਼ਰ ਦੀ ਕਿਰਪਾ ਤੋਂ ਵੰਜਿਆ ਨਾ ਰਹੇ ਅਤੇ ਨਾ ਹੋਵੇ ਭਈ ਕੋਈ **ਕੁੜੱਤਣ ਦੀ ਜੜ੍ਹ** ਫੁੱਟ ਕੇ ਦੁੱਖ ਦੇਵੇ ਅਤੇ ਬਾਹਲੇ ਉਹ ਦੇ ਕਾਰਨ ਭ੍ਰਿਸ਼ਟ ਹੋ ਜਾਣ।

ਕੁੜੱਤਣ ਸਾਨੂੰ ਨਾਸ ਕਰ ਦਿੰਦੀ ਹੈ – ਦੂਜਿਆਂ ਨੂੰ ਪ੍ਰਭਾਵਿਤ ਕਰਦੀ ਹੈ – ਹੋਰਨਾਂ ਪਾਪਾਂ ਨੂੰ ਜਨਮ ਦਿੰਦੀ – ਸਾਡੇ ਹਿਰਦਿਆਂ ਨੂੰ ਸਖਤ ਕਰ ਦਿੰਦੀ ਹੈ – ਪ੍ਰੇਮ ਨੂੰ ਕੁਚਲ ਦਿੰਦੀ ਅਤੇ ਮਾਰ ਸੁੱਟਦੀ ਹੈ।

## E. ਅਜਿਹਾ ਪੁਰਸ਼ ਜਿਹੜਾ ਆਪਣੀ ਪਤਨੀ ਨੂੰ **ਸਮਝਦਾ** ਅਤੇ **ਜਾਣਦਾ** ਹੈ।

1 ਪਤਰਸ 3:7 **ਬੁੱਧ ਦੇ ਅਨੁਸਾਰ** ਆਪਣੀਆਂ ਪਤਨੀਆਂ ਨਾਲ ਵੱਸੋ

1. ਉਸ ਨੂੰ ਸਮਝਣ ਲਈ **ਮਿਹਨਤ ਕਰੋ।** ਹੇਠ ਲਿੱਖੀਆਂ ਗੱਲਾਂ ਦੇ ਜ਼ਰੀਏ **ਉਸ ਨੂੰ ਦਰਸਾਓ**:

a) ਉਸ ਨੂੰ ਧਿਆਨ ਨਾਲ **ਸੁਣੋ**। ਉਹ ਅਸਲ ਵਿੱਚ ਕਹਿ ਕੀ ਰਹੀ ਹੈ।

ਆਪਣੀ ਪਤਨੀ ਨੂੰ ਸੁਣਨ ਲਈ ਰੋਜ਼ਾਨਾ ਸਮਾਂ ਕੱਢੋ। ਉਸ ਨੂੰ ਪੁੱਛੋ, "ਤੁਹਾਡਾ ਦਿਨ ਕਿਹੋ ਜਿਹਾ ਰਿਹਾ" ਅਤੇ ਫਿਰ ਆਪਣੀਆਂ ਅੱਖਾਂ ਉਸ ਵੱਲ ਕਰਕੇ ਸੁਣੋ ਅਤੇ ਨਾਲ ਕੁਝ ਹੋਰ ਨਾ ਕਰੋ। ਉਸ ਦੀਆਂ ਗੱਲਾਂ ਦਾ ਆਪਣਾ ਹੀ ਅਰਥ ਨਾ ਕੱਢੋ। ਸਰਬਉੱਤਮ ਇਹ ਹੈ ਕਿ ਉਸ ਨੂੰ **ਸਮਝੋ** ਅਤੇ ਤਰਸ ਦਿਖਾਓ ਅਤੇ ਉਸ ਨੂੰ ਸਲਾਹ ਨਾ ਦਓ।

b) ਉਸ ਦੇ ਵਿਹਾਰ ਦੇ ਪ੍ਰਤੀ **ਸੰਵੇਦਨਸ਼ੀਲ ਬਣੋ।** ਕੀ ਉਹ ਗੁੱਸੇ ਵਿੱਚ ਹੈ, ਪਰੇਸ਼ਾਨ ਹੈ, ਖੁਸ਼ ਹੈ, ਕਿਉਂਕਿ ਇਸ ਤੋਂ ਤੁਹਾਨੂੰ ਉਸ ਦੀ ਜ਼ਰੂਰਤ ਪਤਾ ਲੱਗੇਗੀ ਅਤੇ ਤੁਸੀਂ ਇਹ ਫੈਸਲਾ ਕਰ ਸਕੋਗੇ ਉਸ ਨੂੰ ਕਿਵੇਂ ਦਾ ਪ੍ਰਤੀਉੱਤਰ ਦੇਣਾ ਹੈ।

c) ਉਸ ਦੇ **ਗੁਣਾਂ** ਅਤੇ **ਕਮਜ਼ੋਰੀਆਂ** ਨੂੰ **ਜਾਣੋ** ਅਤੇ ਉਸ ਦੀ ਮਦਦ ਕਰੋ ਕਿ ਉਸ ਨੂੰ ਜ਼ਰੂਰਤ ਤੋਂ ਜ਼ਿਆਦਾ ਕੰਮ ਨਾ ਕਰਨਾ ਪਵੇ ਅਤੇ ਉਸ ਨੂੰ ਲੋੜੀਂਦਾ ਅਰਾਮ ਮਿਲੇ।

d) ਉਸ ਦੀਆਂ **ਦਾਤਾਂ** ਅਤੇ **ਯੋਗਤਾਵਾਂ** ਨੂੰ ਜਾਣੋ। ਤੁਹਾਡੀ ਪਤਨੀ ਨੂੰ ਪਰਮੇਸ਼ਰ ਵੱਲੋਂ ਇੱਕ ਸ਼ਖਸੀਅਤ ਮਿਲੀ ਹੈ ਜੋ ਨਿਰਧਾਰਿਤ ਕਰਦੀ ਹੈ ਕਿ ਉਹ ਜੀਵਨ ਨੂੰ ਕਿਸ ਦ੍ਰਿਸ਼ਟੀਕੋਣ ਨਾਲ ਲੈਂਦੀ ਹੈ। ਅਤੇ ਇਹ ਸੰਭਵ ਹੈ ਕਿ ਇਹ ਸ਼ਖਸੀਅਤ ਤੁਹਾਡੀ ਸ਼ਖਸੀਅਤ ਦੇ ਉਲਟ ਹੋਵੇ। ਇਸ ਸ਼ਖਸੀਅਤ ਨੂੰ ਬਦਲਿਆ ਨਹੀਂ ਜਾ ਸਕਦਾ, ਇਸ ਕਰਕੇ ਕੋਸ਼ਿਸ਼ ਨਾ ਕਰਿਓ!

ਉਹ ਘਰ ਦਾ ਸਾਰਾ ਕੰਮ ਉਵੇਂ ਕਰੇਗੀ ਜਿਵੇਂ ਉਸ ਦੀ ਮਾਂ ਕਰਦੀ ਸੀ। ਉਸ ਦੇ ਪ੍ਰਤੀ ਧੀਰਜ ਰੱਖੋ, ਉਸ ਨੂੰ ਆਪਣੇ ਤਰੀਕੇ ਨਾਲ ਕੰਮ ਕਰਨ ਦਓ। ਜੇਕਰ ਕੰਮ ਕਰਨ ਦਾ ਕੋਈ ਬਿਹਤਰ ਤਰੀਕਾ ਹੈ ਤਾਂ ਕਦੇ-ਕਦੇ ਉਸ ਬਾਰੇ ਉਸ ਨੂੰ ਸੁਝਾਓ ਦਓ। ਪਰ ਧੀਰਜ ਰੱਖੋ।

e) **ਉਸ ਨੂੰ ਆਪਣੇ ਕੰਨ ਅਤੇ ਬਾਹਾਂ ਦਓ, ਕੇਵਲ ਆਪਣੀ ਜ਼ੁਬਾਨ ਨਹੀਂ।**

2. **ਬੁੱਧ ਦੇ ਅਨੁਸਾਰ** ਵੱਸਣ ਲਈ ਲੋੜ ਹੈ: **ਸਹਿਮਤੀ** ਦੀ

ਭਲਾ, ਦੋ ਜਣੇ ਇਕੱਠੇ ਚੱਲਣਗੇ, ਜੇ ਓਹ ਸਹਿਮਤ ਨਾ ਹੋਣ? ਆਮੋਸ 3:3 ਪਤੀ ਅਤੇ ਪਤਨੀ ਵਿੱਚ ਸਹਿਮਤੀ ਦੇ ਬਿਨਾਂ ਸ਼ਾਂਤੀ ਦੀ ਘਾਟ ਹੁੰਦੀ ਹੈ।

ਯਾਕੂਬ 3:16 ਕਿਉਂਕਿ ਜਿੱਥੇ ਈਰਖਾ ਅਤੇ ਧੜੇਬਾਜ਼ੀ ਹੁੰਦੀ ਹੈ ਉੱਥੇ **ਘਮਸਾਣ** ਅਤੇ ਹਰ ਭਾਂਤ ਦਾ **ਮੰਦਾ ਕੰਮ** ਹੁੰਦਾ ਹੈ।

a) ਅਸਹਿਮਤੀ ਵੈਰੀ ਦੇ ਹਮਲੇ ਲਈ ਰਾਹ ਖੋਲ੍ਹਦੀ ਹੈ।

b) ਅਸਹਿਮਤੀ ਸਾਨੂੰ ਪਰਮੇਸ਼ਰ ਦੀ ਇੱਛਾ ਤੋਂ ਬਾਹਰ ਰੱਖਦੀ ਹੈ।

c) ਅਸਹਿਮਤੀ ਵਿਫਲਤਾ ਵਿੱਚ ਇੱਕ ਦੂਜੇ ਉੱਤੇ ਦੋਸ਼ ਲਗਾਉਣ ਵੱਲ ਲੈ ਜਾਂਦੀ ਹੈ
"ਮੈਂ ਤਾਂ ਤੈਨੂੰ ਆਖਿਆ ਸੀ।" "ਤੁਹਾਨੂੰ ਲੱਗਦਾ ਹੈ ਕਿ ਤੁਸੀਂ ਹਮੇਸ਼ਾ ਸਹੀ ਹੋ।"

## ਪਰਮੇਸ਼ਰ ਦੇ ਤਰੀਕੇ ਨਾਲ ਸਹਿਮਤੀ। ਸਹਿਮਤੀ ਦਾ ਅਰਥ ਹੈ ਤਾਲਮੇਲ

ਮੱਤੀ 18:19 ਫੇਰ ਮੈਂ ਤੁਹਾਨੂੰ ਆਖਦਾ ਹਾਂ, ਜੇ ਤੁਹਾਡੇ ਵਿੱਚੋਂ **ਦੋ ਜਣੇ** ਧਰਤੀ ਉੱਤੇ ਕਿਸੇ ਕੰਮ ਲਈ **ਮਿਲ ਕੇ** ਬੇਨਤੀ ਕਰਨ ਤਾਂ ਮੇਰੇ ਪਿਤਾ ਵੱਲੋਂ ਜਿਹੜਾ ਸੁਰਗ ਵਿੱਚ ਹੈ ਉਨ੍ਹਾਂ ਲਈ ਕੀਤਾ ਜਾਵੇਗਾ।

## ਸਾਨੂੰ ਸਹਿਮਤ ਹੋਣਾ ਹੈ ਕਿ ਮੇਰੀ ਨਹੀਂ ਪਰ ਪਰਮੇਸ਼ਰ ਦੀ ਇੱਛਾ ਪੂਰੀ ਹੋਵੇ।

ਜੇਕਰ ਤੁਸੀਂ ਦੋਵੇਂ ਪ੍ਰਭੂ ਦੀ ਇੱਛਾ ਦੀ ਭਾਲ ਕਰੋਗੇ ਤਾਂ ਸਹਿਮਤ ਹੋਣਾ ਸੌਖਾ ਹੋ ਜਾਵੇਗਾ।

## ਪ੍ਰਭੂ ਹੇਠ ਲਿਖੇ ਤਰੀਕੇ ਨਾਲ ਗੱਲ ਕਰਦਾ ਹੈ:

- ਉਸ ਦਾ ਵਚਨ
- ਪ੍ਰਾਰਥਨਾ ਕਿਸੇ ਕੰਮ ਲਈ ਮਿਲ ਕੇ ਬੇਨਤੀ ਕਰਨ... ਮੱਤੀ 18:19

ਪਤੀ ਅਤੇ ਪਤਨੀ ਦੋਹਾਂ ਨੂੰ ਪ੍ਰਭੂ ਤੋਂ ਸੁਣਨ ਦੀ ਲੋੜ ਹੈ
ਲੂਕਾ 11:10 ਕਿਉਂਕਿ ਹਰੇਕ ਜਿਹੜਾ ਮੰਗਦਾ ਹੈ ਉਹ ਲੈਂਦਾ ਹੈ ਅਤੇ ਜਿਹੜਾ ਢੂੰਡਦਾ ਹੈ ਉਹ ਨੂੰ ਲੱਭਦਾ ਹੈ

## ਸਿਧਾਂਤ:

- ਸਹਿਮਤੀ ਵਿੱਚ ਆਉਣ ਵਿੱਚ ਲੱਗਣ ਵਾਲਾ ਸਮਾਂ ਕਿਸੇ ਗਲਤ ਫੈਸਲੇ ਦੇ ਨਤੀਜਿਆਂ ਨੂੰ ਸੁਧਾਰਨ ਵਿੱਚ ਲੱਗਣ ਵਾਲੇ ਸਮੇਂ ਨਾਲੋਂ ਕਿਤੇ ਘੱਟ ਹੁੰਦਾ ਹੈ।

- ਸਹਿਮਤੀ ਲਿਆਉਣ ਵਿੱਚ **ਪਤੀ** ਆਗੂ ਹੁੰਦਾ ਹੈ।
- ਨਿਰਧਾਰਿਤ ਕਰ ਲਓ ਕਿ ਤੁਸੀਂ ਕੋਈ ਵੀ ਵੱਡਾ ਫੈਸਲਾ ਸਹਿਮਤੀ ਤੋਂ ਬਿਨਾਂ ਨਹੀਂ ਕਰੋਗੇ।

## ਸਹਿਮਤੀ ਵਿੱਚ ਆਉਣ ਦੇ ਗਲਤ ਤਰੀਕੇ:

- ਮਾਹਿਰ ਲੋਕਾਂ ਦੀ ਸਲਾਹ
- ਸਮਝੌਤਾ
- ਪਤੀ ਅਤੇ ਪਤਨੀ ਵਿੱਚੋਂ ਤਕੜੇ ਦਾ ਜਿੱਤਣਾ
- ਹੇਰਾਫੇਰੀ
- ਤਰਕ (ਪਤੀ) ਬਨਾਮ ਜਜ਼ਬਾਤ (ਪਤਨੀ)
- ਖੁਲ੍ਹੇ ਬੂਹੇ ਅਤੇ /ਜਾਂ ਬੰਦ ਬੂਹੇ

ਧਰਤੀ ਉੱਤੇ ਪਰਮੇਸ਼ਰ ਦੀ ਇੱਛਾ ਪੂਰੀ ਕਰਨਾ ਮੇਰੇ ਪਿਤਾ ਵੱਲੋਂ ਜਿਹੜਾ ਸੁਰਗ ਵਿੱਚ ਹੈ ਉਨ੍ਹਾਂ ਲਈ ਕੀਤਾ ਜਾਵੇਗਾ। ਮੱਤੀ 18:19

- ਪਰਮੇਸ਼ਰ ਦੀ ਇੱਛਾ ਜਾਣਨ ਲਈ ਉਡੀਕ ਕਰਨ ਤੋਂ ਤੁਸੀਂ ਆਤਮਵਿਸ਼ਵਾਸ ਨਾਲ ਅੱਗੇ ਵਧ ਸਕਦੇ ਹੋ।
- ਇਸ ਤੋਂ ਧਰਤੀ ਉੱਤੇ ਉਸ ਦੀ ਇੱਛਾ ਪੂਰੀ ਹੋ ਸਕਦੀ ਹੈ।
- ਜਿਹੜਾ ਦੰਪਤੀ ਸਹਿਮਤੀ ਪ੍ਰਾਪਤ ਕਰਨ ਲਈ ਲਗਾਤਾਰ ਇਸ ਤਰੀਕੇ ਦੀ ਵਰਤੋਂ ਕਰਦਾ ਹੈ, ਉਹ ਜੀਵਨ ਦੇ ਹਰੇਕ ਖੇਤਰ ਵਿੱਚ ਪਰਮੇਸ਼ਰ ਦੀ ਇੱਛਾ 'ਤੇ ਕੇਂਦਰਿਤ ਹੁੰਦਾ ਜਾਂਦਾ ਹੈ।

F. **ਅਜਿਹਾ ਪੁਰਸ਼ ਜਿਹੜਾ ਆਪਣੀ ਪਤਨੀ ਦਾ "ਆਦਰ" ਕਰਦਾ ਹੈ।** 1 ਪਤਰਸ 3:7 "ਆਦਰ ਕਰੋ"

1. ਉਸ ਨੂੰ ਹਮੇਸ਼ਾ ਸਤਿਕਾਰ ਦਓ – ਆਪਣੀ ਰਾਣੀ ਦੀ ਤਰ੍ਹਾਂ। ਮੇਜ਼ 'ਤੇ ਬੈਠਿਆਂ ਹਮੇਸ਼ਾ ਚੰਗੇ ਤੌਰ ਤਰੀਕੇ ਦਰਸਾਓ, ਉਸ ਦੇ ਬੈਠਣ ਲਈ ਕੁਰਸੀ ਕੱਢੋ, ਉਸ ਦੇ ਲਈ ਬੂਹਾ ਖੋਲ੍ਹੋ...
2. ਨਿਸ਼ਚਿਤ ਕਰੋ ਕਿ ਉਸ ਨੂੰ ਇਹ ਮਹਿਸੂਸ ਹੋਵੇ ਭਈ ਉਹ ਤੁਹਾਡੇ ਜੀਵਨ ਵਿੱਚ "**ਨੰਬਰ ਇੱਕ**" ਹੈ।
3. ਜੇਕਰ ਤੁਸੀਂ ਉਸ ਦੇ ਨਾਲ ਰਾਣੀ ਵਾਂਗ ਵਿਹਾਰ ਕਰੋਗੇ, ਤਾਂ ਉਹ ਤੁਹਾਡੇ ਨਾਲ ਰਾਜੇ ਵਾਂਗ ਵਿਹਾਰ ਕਰੇਗੀ।

## G. ਅਜਿਹਾ ਪੁਰਸ਼ ਜਿਹੜਾ ਆਪਣੀ ਪਤਨੀ ਨੂੰ "ਪਾਲਦਾ ਪਲੋਸਦਾ" ਹੈ।

ਅਫ਼ਸੀਆਂ 5:25-31 **ਹੇ ਪਤਿਓ, ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ** ਜਿਵੇਂ **ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ।** [26]ਭਈ ਉਸ ਨੂੰ ਜਲ ਦੀ ਅਸ਼ਨਾਨ ਤੋਂ ਬਾਣੀ ਨਾਲ **ਸ਼ੁੱਧ ਕਰ ਕੇ ਪਵਿੱਤਰ ਕਰੇ।** [27]ਅਤੇ ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸਿਯਾ ਤਿਆਰ ਕਰੇ ਜਿਹ ਦੇ ਵਿੱਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ। [28]**ਇਸੇ ਤਰਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ ਪ੍ਰੇਮ ਕਰਨ** ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ। ਜਿਹੜਾ ਆਪਣੀ ਪਤਨੀ ਨਾਲ ਪ੍ਰੇਮ ਕਰਦਾ ਹੈ ਉਹ ਆਪਣੇ ਹੀ ਨਾਲ ਪ੍ਰੇਮ ਕਰਦਾ ਹੈ। [29]ਕਿਉਂ ਜੋ ਕਿਸੇ ਨੇ ਆਪਣੇ ਸਰੀਰ ਨਾਲ ਕਦੇ ਵੈਰ ਨਹੀਂ ਕੀਤਾ ਸਗੋਂ ਉਹ ਉਸ ਨੂੰ **ਪਾਲਦਾ ਪਲੋਸਦਾ** ਹੈ ਜਿਵੇਂ ਮਸੀਹ ਵੀ ਕਲੀਸਿਯਾ ਨੂੰ [30]ਕਿਉਂ ਜੋ ਅਸੀਂ ਉਹ ਦੀ ਦੇਹੀ ਦੇ ਅੰਗ ਹਾਂ। [31]ਇਸ ਕਰਕੇ ਮਨੁੱਖ ਆਪਣੇ ਮਾਪੇ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ ਓਹ ਦੋਵੇਂ ਇੱਕ ਸਰੀਰ ਹੋਣਗੇ।

ਪਾਲਦਾ: ਜਿਸ ਨਾਲ ਸਿਹਤ ਅਤੇ ਖੁਸ਼ੀ ਵਿੱਚ ਵਾਧਾ ਅਤੇ ਮਜਬੂਤੀ ਆਉਂਦੀ ਹੈ।

ਪਲੋਸਦਾ: ਉਸ ਨੂੰ ਬਹੁਤ ਵਿਸ਼ੇਸ਼ ਜਾਣਨਾ – ਸੁਚੇਤ, ਸੰਵੇਦਨਸ਼ੀਲ, ਸੁਰੱਖਿਆ।

ਉਦਾਹਰਨ: ਜਿਵੇਂ ਕੋਈ ਵਿਅਕਤੀ ਆਪਣੀ ਪੁਰਾਣੀ ਮੋਟਰਸਾਈਕਲ ਦੇ ਮੁਕਾਬਲੇ ਨਵੀਂ ਮੋਟਰਸਾਈਕਲ ਨੂੰ ਸੰਭਾਲਦਾ ਹੈ।

## H. ਅਜਿਹਾ ਪੁਰਸ਼ ਜਿਹੜਾ ਆਪਣੀ ਪਤਨੀ ਦੇ ਨਾਲ ਬੜੀ ਨੇੜਤਾ ਨਾਲ ਗੱਲਬਾਤ ਕਰਦਾ ਹੈ।

- ਅਫ਼ਸੀਆਂ 5:26 ਸ਼ੁੱਧ ਕਰਕੇ – ਆਪਣੇ ਲਈ ਵੱਖਰਾ ਕਰਨਾ। ਸਨਮਾਨਿਤ ਥਾਂ।
  - ਸ਼ਬਦ ਸ਼ਕਤੀਸ਼ਾਲੀ ਹਨ! ਕਹਾਉਤਾਂ 18:21 (ਮੌਤ ਅਤੇ ਜੀਵਨ)
  - ਸਾਡੇ ਸ਼ਬਦ ਬੀਜਾਂ ਵਾਂਗ ਹਨ ਜਿਹੜੇ ਉਸ ਦੇ ਹਿਰਦੇ ਵਿੱਚ ਬੀਜੇ ਜਾਂਦੇ ਹਨ। ਮੱਤੀ 13:3, 19

  ਜੇਕਰ ਅਸੀਂ ਸਹੀ ਸ਼ਬਦ **ਬੀਜਾਂਗੇ** ਤਾਂ ਨਜਦੀਕੀ ਦੀ **ਫਸਲ** ਪ੍ਰਾਪਤ ਕਰਾਂਗੇ।

  ਜੇਕਰ ਅਸੀਂ ਗਲਤ ਸ਼ਬਦ **ਬੀਜਾਂਗੇ** ਤਾਂ ਦੂਰੀਆਂ ਦੀ **ਫਸਲ** ਪ੍ਰਾਪਤ ਕਰਾਂਗੇ।

- ਬੀਜਣਾ ਅਤੇ ਵੱਢਣਾ ਗਲਾਤੀਆਂ 6:7-9

ਗਲਾਤੀਆਂ 6:7-10 ਤੁਸੀਂ ਧੋਖਾ ਨਾ ਖਾਓ, ਪਰਮੇਸ਼ਰ ਠੱਠਿਆਂ ਵਿੱਚ ਨਹੀਂ ਉਡਾਈਦਾ **ਕਿਉਂਕਿ ਮਨੁੱਖ ਜੋ ਕੁਝ
ਬੀਜਦਾ ਹੈ ਸੋਈਓ ਵੱਢੇਗਾ ਭੀ।** [8]ਜਿਹੜਾ ਆਪਣੇ **ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਂਸ ਨੂੰ ਵੱਢੇਗਾ** ਅਤੇ
ਜਿਹੜਾ **ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ।** [9]ਅਤੇ ਭਲਿਆਈ ਕਰਦਿਆਂ **ਅਸੀਂ**
ਅੱਕ ਨਾ ਜਾਈਏ ਕਿਉਂਕਿ ਜੇ ਹੌਸਲਾ ਨਾ ਹਾਰੀਏ ਤਾਂ **ਵੇਲੇ ਸਿਰ ਵੱਢਾਂਗੇ।**

1. ਆਤਮਕ ਨਿਯਮ
    a) ਸੁਭਾਵਕ ਨਿਯਨ ਦੀ ਤਰ੍ਹਾਂ – ਪੂਰੇ ਹੋਣਗੇ।
    b) ਅਣਦੇਖੀ ਇਨ੍ਹਾਂ ਨੂੰ ਫਲਵੰਤ ਹੋਣ ਤੋਂ ਰੋਕ ਨਹੀਂ ਸਕੇਗੀ।
    c) ਸਾਨੂੰ ਫਸਲ ਦੀ ਗਾਰੰਟੀ ਦਿੱਤੀ ਗਈ ਹੈ।
    d) ਅਸੀਂ ਜੋ ਬੀਜਾਂਗੇ ਠੀਕ ਉਹੀ ਵੱਢਾਂਗੇ।

2. ਬੀਜ ਬੀਜਣਾ ਯਾਕੂਬ 3:9-10

ਯਾਕੂਬ 3:8 -11 ਪਰ **ਜੀਭ** ਨੂੰ ਕੋਈ ਮਨੁੱਖ ਵੱਸ ਵਿੱਚ ਨਹੀਂ ਕਰ ਸੱਕਦਾ। ਉਹ **ਇੱਕ ਚੰਚਲ ਬਲਾ** ਹੈ, ਉਹ **ਨਾਸ
ਕਰਨ ਵਾਲੀ ਵਿੱਸ** ਨਾਲ ਭਰੀ ਹੋਈ ਹੈ। [9]ਓਸੇ ਨਾਲ ਅਸੀਂ ਪ੍ਰਭੁ ਅਤੇ ਪਿਤਾ ਨੂੰ ਮੁਬਾਰਕ ਆਖਦੇ ਹਾਂ ਅਤੇ ਓਸੇ ਨਾਲ
ਮਨੁੱਖਾਂ ਨੂੰ ਜਿਹੜੇ ਪਰਮੇਸ਼ਰ ਦੇ ਸਰੂਪ ਉੱਤੇ ਬਣਾਏ ਗਏ ਹਨ ਫਿਟਕਾਰ ਦਿੰਦੇ ਹਾਂ। [10]**ਇੱਕੋ ਮੂੰਹ ਵਿੱਚੋਂ ਬਰਕਤ** ਅਤੇ
**ਫਿਟਕਾਰ** ਨਿੱਕਲਦੀ ਹੈ! **ਹੇ ਮੇਰੇ ਭਰਾਵੋ, ਏਹ ਗੱਲਾਂ ਇਉਂ ਨਹੀਂ ਹੋਣੀਆਂ ਚਾਹੀਦੀਆਂ ਹਨ!**

- ਬੀਜ ਦੀ ਚੋਣ: ਸ਼ਤਾਨ ਤੋਂ ਜਾਂ ਪਰਮੇਸ਼ਰ ਤੋਂ।

ਬਿਵਸਥਾ ਸਾਰ 30:19-20 ਮੈਂ ਅੱਜ ਤੁਹਾਡੇ ਵਿਰੁੱਧ ਅਕਾਸ਼ ਅਤੇ ਧਰਤੀ ਨੂੰ ਗਵਾਹ ਬਣਾਉਂਦਾ ਹਾਂ ਭਈ **ਮੈਂ ਤੁਹਾਡੇ ਅੱਗੇ ਜੀਵਨ ਅਤੇ ਮੌਤ, ਬਰਕਤ ਅਤੇ ਸਰਾਪ ਰੱਖਿਆ ਹੈ।** ਏਸ ਲਈ **ਜੀਵਨ ਨੂੰ ਚੁਣੋ ਤਾਂ ਜੋ ਤੁਸੀਂ ਅਤੇ ਤੁਹਾਡੀ ਅੰਸ ਜੀਉਂਦੇ ਰਹੋ।**

ਯਿਸੂ ਹਮੇਸ਼ਾ ਜੀਵਨ ਬੀਜਦਾ ਹੈ। ਉਹ ਜੀਵਨ ਹੈ।

ਯੂਹੰਨਾ 14:6 ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ।

ਸ਼ਤਾਨ ਹਮੇਸ਼ਾ ਮੌਤ ਬੀਜਦਾ ਹੈ।

ਯੂਹੰਨਾ 10:10 ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ। ਕੋਈ ਵੀ ਬੀਜ ਪ੍ਰਭਾਵਹੀਣ ਨਹੀਂ ਹੈ।

ਅਸੀਂ ਹਮੇਸ਼ਾ ਬੀਜਦੇ ਰਹਿੰਦੇ ਹਾਂ; ਇਸ ਕਰਕੇ ਅਸੀਂ ਹਮੇਸ਼ਾ ਵੱਢਦੇ ਰਹਿੰਦੇ ਹਾਂ।

ਜਦ ਅਸੀਂ ਨਵੇਂ ਸਿਰਿਓਂ ਜਨਮ ਲੈਂਦੇ ਹਾਂ ਤਾਂ ਸਾਡੀ ਅਗਵਾਈ ਕੀਤੀ ਜਾਂਦੀ ਹੈ ਕਿ ਅਸੀਂ ਸਿਰਫ **ਜੀਵਨਦਾਈ ਬੀਜ ਹੀ ਚੁਣੀਏ।**

ਰੋਮੀਆਂ 8:5 ਜਿਹੜੇ ਸਰੀਰਕ ਹਨ ਓਹ **ਸਰੀਰ ਦੀਆਂ ਵਸਤਾਂ ਉੱਤੇ** ਪਰ **ਜਿਹੜੇ ਆਤਮਿਕ ਹਨ ਓਹ** ਆਤਮਾ
ਦੀਆਂ ਵਸਤਾਂ ਉੱਤੇ **ਮਨ ਲਾਉਂਦੇ ਹਨ।** 6ਕਿਉਂ ਜੋ **ਸਰੀਰਕ ਮਨਸ਼ਾ ਮੌਤ ਹੈ ਪਰ ਆਤਮਿਕ ਮਨਸ਼ਾ ਜੀਵਨ** ਅਤੇ
**ਸ਼ਾਂਤੀ** ਹੈ। 7ਇਸ ਲਈ ਜੋ ਸਰੀਰਕ ਮਨਸ਼ਾ ਪਰਮੇਸ਼ਰ ਨਾਲ ਵੈਰ ਹੈ ਕਿਉਂ ਜੋ ਉਹ ਪਰਮੇਸ਼ਰ ਦੀ ਸ਼ਰਾ ਦੇ ਅਧੀਨ
ਨਹੀਂ ਹੈ ਅਤੇ ਨਾ ਹੀ ਹੋ ਸੱਕਦੀ ਹੈ। 8ਅਤੇ **ਜਿਹੜੇ ਸਰੀਰਕ ਹਨ ਓਹ ਪਰਮੇਸ਼ਰ ਨੂੰ ਪਰਸੰਨ ਕਰ ਨਹੀਂ ਸਕਦੇ**
ਹਨ।

ਪੁਰਾਣੀਆਂ ਆਦਤਾਂ ਸਾਨੂੰ ਪੁਰਾਣੇ ਥੈਲੇ ਵਿੱਚੋਂ ਬੀਜ ਕੱਢਣ ਲਈ ਮਜਬੂਰ ਕਰਦੀਆਂ ਹਨ।

## 3. ਅਸੀਂ ਕਿਸ ਤਰ੍ਹਾਂ ਦੇ ਬੀਜ ਬੀਜਦੇ ਹਾਂ

a) ਸ਼ਬਦ

“ਸਾਡੇ ਬੱਚੇ ਕਿੰਨੇ ਵਿਦ੍ਰੋਹੀ ਹਨ।” / “ਸਾਡੇ ਬੱਚੇ ਪਰਮੇਸ਼ਰ ਦੀ ਆਗਿਆਕਾਰੀ ਕਰਨ ਦੀ ਇੱਛਾ ਰੱਖਦੇ ਹਨ।” “ਮੈਂ ਇਹ ਨਹੀਂ ਕਰ ਸਕਦਾ।” / “ਮੈਂ ਮਸੀਹ ਦੁਆਰਾ ਸਭਕੁਝ ਕਰ ਸਕਦਾ ਹਾਂ...”

ਜੋ ਤੁਸੀਂ ਆਪਣੇ ਬੱਚਿਆਂ ਨੂੰ ਬਾਰ-ਬਾਰ ਆਖਦੇ ਰਹਿੰਦੇ ਹੋ ਕਿ ਉਹ ਹਨ – ਉਹ ਉਹੀ ਬਣ ਜਾਂਦੇ ਹਨ।

b) ਵਿਹਾਰ ਦੀਨਤਾ ਬਨਾਮ ਘਮੰਡ / ਸ਼ੁਕਰਗੁਜ਼ਾਰੀ ਬਨਾਮ ਕੁੜੱਤਣ

c) ਕੰਮ ਸਵੀਕਾਰਨਾ ਜਾਂ ਰੱਦਣਾ / ਦਿਲ ਖੋਲ੍ਹ ਕੇ ਦੇਣਾ ਜਾਂ ਸੁਆਰਥ

## 4. ਅਸੀਂ ਕਿਵੇਂ ਬੀਜਦੇ ਹਾਂ

a) ਅਸੀਂ ਹਮੇਸ਼ਾ ਸਾਡੇ ਜੀਵਨਾਂ, ਸਾਡੀ ਪਤਨੀ, ਸਾਡੇ ਬੱਚਿਆਂ ਵਿੱਚ ਬੀਜਦੇ ਰਹਿੰਦੇ ਹਾਂ।

b) ਹਿਰਦਾ ਜ਼ਮੀਨ ਹੈ

ਯਿਰਮਿਯਾਹ 4:3-4 ਯਹੋਵਾਹ ਤਾਂ ਐਉਂ ਆਖਦਾ ਹੈ,—ਆਪਣੀ **ਪਈ ਹੋਈ** ਜਮੀਨ ਨੂੰ **ਵਾਹੋ**, ਅਤੇ ਕੰਡਿਆਂ ਵਿੱਚ ਨਾ ਬੀਜੋ। ਯਹੋਵਾਹ ਲਈ ਆਪਣੀ ਸੁੰਨਤ ਕਰਾਓ, **ਆਪਣੇ ਦਿਲ ਦੀ ਖੱਲੜੀ ਲਹਾਓ**, ਹੇ ਯਹੂਦਾਹ ਦੇ

ਮਨੁੱਖੋ ਅਤੇ ਯਰੂਸ਼ਲਮ ਦੇ ਵਾਸੀਓ! ਮਤੇ ਮੇਰਾ ਗੁੱਸਾ ਅੱਗ ਵਾਂਙੂ ਭੜਕ ਉੱਠੇ, ਉਹ ਬਲ ਉੱਠੇ ਅਤੇ ਬੁਝਾਉਣ ਵਾਲਾ ਕੋਈ ਨਾ ਹੋਵੇ, ਤੁਹਾਡੀਆਂ ਕਰਤੂਤਾਂ ਦੀ ਬੁਰਿਆਈ ਦੇ ਕਾਰਨ।

c) ਜ਼ਮੀਨ ਦੇ ਪ੍ਰਕਾਰ: ਪਥਰੀਲੀ ਜਾਂ ਕੰਡਿਆਲੀ।

ਵਚਨ ਅਤੇ ਪ੍ਰਾਰਥਨਾ ਦਾ ਪਾਣੀ ਜ਼ਮੀਨ ਨੂੰ ਨਰਮ ਬਣਾਉਣ ਵਿੱਚ ਮਦਦ ਕਰਦਾ ਹੈ।

ਮੱਤੀ 13:3-9 ਇੱਕ ਬੀਜਣ ਵਾਲਾ ਬੀਜਣ ਨੂੰ ਨਿੱਕਲਿਆ। ਅਤੇ ਉਹ ਦੇ ਬੀਜਦਿਆਂ ਕੁਝ ਪਹੇ ਵੱਲ ਕਿਰ ਪਿਆ ਅਤੇ ਪੰਛੀ ਆਣ ਕੇ ਉਹ ਨੂੰ ਚੁਗ ਗਏ। ਅਤੇ ਕੁਝ ਪਥਰੇਲੀ ਜ਼ਮੀਨ ਵਿੱਚ ਕਿਰਿਆ, ਪਰ ਸੁੱਕ ਗਿਆ। ਅਤੇ ਕੁਝ ਕੰਡਿਆਲਿਆਂ ਵਿੱਚ ਕਿਰਿਆ ਅਤੇ ਕੰਡਿਆਲਿਆਂ ਨੇ ਵਧ ਕੇ ਉਹ ਨੂੰ ਦਬਾ ਲਿਆ। ਅਤੇ ਕੁਝ ਚੰਗੀ ਜ਼ਮੀਨ ਵਿੱਚ ਕਿਰਿਆ ਅਤੇ ਫਲਿਆ ਕੁਝ ਸੌ ਗੁਣਾ ਕੁਝ ਸੱਠ ਗੁਣਾ ਅਤੇ ਕੁਝ ਤੀਹ ਗੁਣਾ। ਜਿਹ ਦੇ ਕੰਨ ਹੋਣ ਸੋ ਸੁਣੇ।

## 5. ਫਸਲ ਦੇ ਤੱਥ

- **ਸਮਾਂ**: ਇੰਤਜ਼ਾਰ ਕਰੋ ਅਤੇ ਸਿੰਚਾਈ ਕਰੋ। ਕੰਮਾਂ ਦੀ ਖਾਦ ਪਾਓ – ਖੁਦਾਈ ਨਾ ਕਰੋ।
- ਗੁਣਨ: "ਮਨੁੱਖ ਜੋ ਕੁਝ ਬੀਜਦਾ ਹੈ" ਸੋਈਓ ਵੱਢੇਗਾ...
- ਜਿੰਨਾ ਅਸੀਂ ਬੀਜਿਆ ਹੈ ਅਸੀਂ ਉਸ ਤੋਂ ਵਧ ਵੱਢਾਂਗੇ
- ਹਰੇਕ ਫਸਲ ਭਵਿੱਖ ਵਿੱਚ ਬੀਜਣ ਲਈ ਬੀਜ ਦਿੰਦੀ ਹੈ
- ਸ਼ਤਾਨ ਸਾਨੂੰ ਇੱਕ ਬੀਜ ਦਿੰਦਾ ਹੈ: ਅਸੀਂ ਇਸ ਨੂੰ ਬੀਜਦੇ ਹਾਂ ਅਤੇ ਉਸ ਨਾਲੋਂ ਕਿਤੇ ਵਧ ਫਸਲ ਵੱਢਦੇ ਹਾਂ ਜੋ ਅਸੀਂ ਬੀਜਿਆ ਹੈ। ਫਿਰ ਅਸੀਂ ਪਹਿਲਾਂ ਨਾਲੋਂ ਵਧੇਰੇ ਬੀਜ ਬੀਜਦੇ ਹਾਂ ਅਤੇ ਹੋਰ ਵੀ ਵਧੇਰੇ ਫਸਲ ਵੱਢਦੇ ਹਾਂ

## 6. ਫਸਲਾਂ ਨੂੰ ਸਿਆਣਨਾ

- ਚੰਗੀਆਂ ਫਸਲਾਂ: ਪਤਾ ਕਰੋ ਕਿ ਕਿਹੜੇ ਬੀਜ ਬੀਜੇ ਗਏ ਸਨ ਅਤੇ ਹੋਰ ਵਧੇਰੇ ਚੰਗੇ ਬੀਜਾਂ ਦੀ ਚੋਣ ਕਰੋ।

- ਮਾੜੀਆਂ ਫਸਲਾਂ: ਤੋਬਾ ਕੀਟਨਾਸ਼ਕ ਵਾਂਗ ਕੰਮ ਕਰਦੀ ਹੈ।
- ਇਸ ਵਿੱਚ ਸਮਾਂ ਲੱਗ ਸਕਦਾ ਹੈ। 1 ਯੂਹੰਨਾ 1:9

7. ਚੰਗੀਆਂ ਫਸਲਾਂ ਬੀਜਣਾ

- ਪਰਮੇਸ਼ਰ ਦੇ ਬੀਜ ਦੇ ਥੈਲੇ ਵਿੱਚੋਂ / ਪਰਮੇਸ਼ਰ ਦੇ ਵਚਨ ਵਿੱਚੋਂ ਬੀਜ ਦੀ ਚੋਣ ਕਰੋ
- ਆਪਣੇ ਸ਼ਬਦਾਂ ਦੀ ਚੋਣ ਸਾਵਧਾਨੀ ਨਾਲ ਕਰੋ

  2 ਕੁਰਿੰਥੀਆਂ 9:10 ਜਿਹੜਾ ਬੀਜਣ ਵਾਲੇ ਨੂੰ ਬੀ ਅਰ ਖਾਣ ਲਈ ਰੋਟੀ ਦਿੰਦਾ ਹੈ ਉਹ ਤੁਹਾਨੂੰ ਬੀਜਣ ਲਈ ਬੀ ਦੇਵੇਗਾ ਅਤੇ ਉਹ ਦਾ ਵਾਧਾ ਕਰੇਗਾ ਅਤੇ ਤੁਹਾਡੇ ਧਰਮ ਦੇ ਫਲ ਨੂੰ ਵਧਾਵੇਗਾ।

- ਜ਼ਮੀਨ ਤਿਆਰ ਕਰੋ ਪ੍ਰਾਰਥਨਾ ਅਤੇ ਆਤਮਕ ਯੁੱਧ
- ਵਚਨ ਨੂੰ ਬੀਜਣ ਲਈ ਇਸ ਨੂੰ ਬੋਲੋ

  ਕਹਾਉਤਾਂ 18:21 ਮੌਤ ਅਤੇ ਜੀਉਣ ਦੋਵੇਂ ਜੀਭ ਦੇ ਵੱਸ ਵਿੱਚ ਹਨ, ਅਤੇ ਜੋ ਉਸ ਨਾਲ ਪ੍ਰੀਤ ਰੱਖਦੇ ਹਨ ਓਹ ਉਸ ਦਾ ਫਲ ਖਾਣਗੇ।

  ਅੱਯੂਬ 22:28 ਜਿਸ ਗੱਲ ਲਈ ਤੇਰਾ ਮਨਸ਼ਾ ਹੋਏਗਾ, ਉਹ ਤੇਰੇ ਲਈ ਠਹਿਰਾਈ ਜਾਏਗੀ

- ਢੁਕਵੇਂ ਕੰਮਾਂ ਦੀ ਖਾਦ ਪਾਓ

  ਯਾਕੂਬ 2:26 ਅਮਲਾਂ ਬਾਝੋਂ ਨਿਹਚਾ ਮੁਰਦਾ ਹੈ।

ਸਿਆਣੋ ਕਿ ਵੈਰੀ ਤੁਹਾਡੇ ਵਿਚਾਰਾਂ ਵਿੱਚ ਆਪਣੇ ਬੀਜ ਬੀਜਣਾ ਚਾਹੁੰਦਾ ਹੈ

2 ਕੁਰਿੰਥੀਆਂ 10:5 ਫ਼ਿਲਿੱਪੀਆਂ 4:8

2 ਕੁਰਿੰਥੀਆਂ 10:5 ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।

ਫ਼ਿਲਿੱਪੀਆਂ 4:8-9 ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ *ਹਨ,* ਜਿਹੜੀਆਂ ਜਥਾਰਥ ਹਨ, ਜਿਹੜੀਆਂ ਸ਼ੁੱਧ ਹਨ, ਜਿਹੜੀਆਂ ਸੁਹਾਉਣੀਆਂ *ਹਨ,* ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ ਕੁਝ ਗੁਣ ਹੈ ਅਤੇ ਜੇ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦੀ ਵਿਚਾਰ ਕਰੋ।

## 8. ਝਗੜਿਆਂ ਤੋਂ ਬਚਣਾ

ਯਾਕੂਬ 3:16 ਕਿਉਂਕਿ ਜਿੱਥੇ ਈਰਖਾ ਅਤੇ ਧੜੇਬਾਜ਼ੀ ਹੁੰਦੀ ਹੈ ਉੱਥੇ ਘਮਸਾਣ ਅਤੇ ਹਰ ਭਾਂਤ ਦਾ ਮੰਦਾ ਕੰਮ ਹੁੰਦਾ ਹੈ।

ਕਹਾਉਤਾਂ 20:3 ਝਗੜੇ ਤੋਂ ਬਚਣ ਨਾਲ ਆਦਮੀ ਦਾ ਆਦਰ ਹੁੰਦਾ ਹੈ, ਪਰ ਹਰੇਕ ਮੂਰਖ ਝਗੜੇ ਛੇੜਦਾ ਹੈ।

- ਝਗੜਾ ਕਰਨ ਲਈ ਦੋ ਲੋਕਾਂ ਦੀ ਲੋੜ ਪੈਂਦੀ ਹੈ। **ਪੂਰੀ ਤਰ੍ਹਾਂ ਰੱਦ ਦਓ।** ਬਿਨਾਂ ਬ੍ਰੇਕਾਂ ਦੀ ਗੱਡੀ ਅਤੇ ਝਗੜੇ ਨੂੰ ਰੋਕਣਾ ਔਖਾ ਹੁੰਦਾ ਹੈ।

  ਕਹਾਉਤਾਂ 15:1 -2 ਨਰਮ ਜਵਾਬ ਗੁੱਸੇ ਨੂੰ ਠੰਡਾ ਕਰ ਦਿੰਦਾ ਹੈ, ਪਰ ਕਠੋਰ ਬੋਲ ਕ੍ਰੋਧ ਨੂੰ ਭੜਕਾਉਂਦਾ ਹੈ। ਬੁੱਧਵਾਨ ਦੀ ਜੀਭ ਗਿਆਨ ਦਾ ਠੀਕ ਬਖਾਨ ਕਰਦੀ ਹੈ, ਪਰ ਮੂਰਖਾਂ ਦੇ ਮੂੰਹੋਂ ਬੱਸ ਮੂਰਖਤਾਈ ਉੱਛਲਦੀ ਹੈ।

- ਆਪਣੇ ਆਪ ਨੂੰ ਸਹੀ ਠਹਿਰਾਉਣ ਦੀ ਬਜਾਏ ਝਗੜੇ ਤੋਂ ਬਚਣਾ ਵਧੇਰੇ ਮਹੱਤਵਪੂਰਨ ਹੈ।

  ਮੱਤੀ 23:12 ਅਤੇ ਜੋ ਕੋਈ ਆਪਣੇ ਆਪ ਨੂੰ ਉੱਚਾ ਕਰੇਗਾ ਸੋ ਨੀਵਾਂ ਕੀਤਾ ਜਾਵੇਗਾ ਅਤੇ ਜੋ ਕੋਈ ਆਪਣੇ ਆਪ ਨੂੰ ਨੀਵਾਂ ਕਰੇਗਾ ਸੋ ਉੱਚਾ ਕੀਤਾ ਜਾਵੇਗਾ।

- ਜਦ ਸਾਹਮਣੇ ਵਾਲਾ ਝਗੜਾ ਬੀਜਦਾ ਹੈ ਤਾਂ ਤੁਸੀਂ ਪ੍ਰੇਮ ਬੀਜੋ

  ਰੋਮੀਆਂ 12:21 ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ।

  ਫ਼ਿਲਿੱਪੀਆਂ 2:3 ਧੜੇ ਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ ਸਗੋਂ ਤੁਸੀਂ ਅਧੀਨਗੀ ਨਾਲ ਇੱਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ।

  ਗਲਾਤੀਆਂ 5:14-15 ਆਪਣੇ ਗੁਆਂਢੀ ਨਾਲ ਆਪਣੇ ਜਿਹਾ ਪਿਆਰ ਕਰ। ਪਰ ਜੇ ਤੁਸੀਂ ਇੱਕ ਦੂਏ ਨੂੰ ਚੱਕੀਂ ਚੱਕੀਂ ਪਾੜ ਖਾਓ ਤਾਂ ਵੇਖਣਾ ਭਈ ਤਸੀਂ ਇੱਕ ਦੂਏ ਤੋਂ ਕਿਤੇ ਨਾਸ ਨਾ ਹੋ ਜਾਓ।

- ਤੁਹਾਡੀ ਪਤਨੀ ਤੁਹਾਡੀ **ਦੁਸ਼ਮਣ** ਨਹੀਂ ਹੈ

ਅਫ਼ਸੀਆਂ 6:12 ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ।

- ਬਚਣ ਲਈ: ਆਪਣੀ ਸਲੀਬ ਚੁੱਕੋ – ਤੁਸੀਂ ਮ੍ਰਿਤ ਹੋ

ਗਲਾਤੀਆਂ 2:20 **ਮੈਂ ਮਸੀਹ ਦੇ ਲਈ ਸਲੀਬ ਦਿੱਤਾ ਗਿਆ ਹਾਂ** ਪਰ **ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਮਸੀਹ ਮੇਰੇ ਵਿੱਚ ਜੀਉਂਦਾ ਹੈ**

ਜਦ ਵੀ "ਝਗੜੇ ਦਾ ਜਵਾਬ ਝਗੜੇ ਨਾਲ ਦੇਣ" ਲਈ ਅਤੇ ਆਪਣਾ ਅਤੇ ਆਪਣੇ ਪੱਖ ਦਾ ਬਚਾਓ ਕਰਨ ਲਈ ਤੁਹਾਡੇ ਅੰਦਰ **ਕ੍ਰੋਧ** ਉੱਠਦਾ ਹੈ...ਉੱਥੇ ਹੀ **ਰੁਕ** ਜਾਓ।

ਪਹਿਲਾਂ: ਆਪਣੇ ਆਪ ਲਈ **ਗਲਾਤੀਆਂ 2:20 ਬੋਲੋ** ਅਤੇ ਪਵਿੱਤਰ ਆਤਮਾ ਨੂੰ ਪ੍ਰੇਮ ਵਿੱਚ ਕੰਮ ਕਰਨ ਦਾ ਮੌਕਾ ਦਓ।

ਜਦ ਯਿਸੂ ਨੇ ਇਹ ਆਖਿਆ ਤਾਂ ਉਸ ਦਾ ਆਖਣ ਦਾ ਭਾਵ ਇਹੋ ਸੀ:

ਮੱਤੀ 16:24 ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ **ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ।**

1 ਪਤਰਸ 2:21-24 ਕਿਉਂ ਜੋ **ਤੁਸੀਂ ਇਸੇ ਕਾਰਨ ਸੱਦੇ ਗਏ** ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ
ਦੁੱਖ ਝੱਲ ਕੇ **ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ** ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ। 22ਉਹ ਨੇ ਕੋਈ
ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। 23**ਉਹ ਗਾਲੀਆਂ ਖਾ ਕੇ ਗਾਲੀ
ਨਾ ਦਿੰਦਾ ਸੀ ਅਤੇ ਦੁੱਖ ਪਾ ਕੇ ਦਬਕਾ ਨਾ ਦਿੰਦਾ ਸੀ** ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ
ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ।

ਇਹ **ਤੁਹਾਨੂੰ**, ਤੁਹਾਡੀ **ਪਤਨੀ** ਨੂੰ, ਤੁਹਾਡੇ **ਵਿਆਹੁਤਾ ਜੀਵਨ** ਨੂੰ, ਤੁਹਾਡੇ **ਬੱਚਿਆਂ** ਨੂੰ ਅਤੇ ਤੁਹਾਡੇ **ਪਰਿਵਾਰ** ਨੂੰ ਪੂਰੀ ਤਰ੍ਹਾਂ ਬਦਲ ਦੇਵੇਗਾ।

ਇਸ ਵਿੱਚ ਤੁਹਾਨੂੰ ਆਗੂ ਬਣਨਾ ਅਤੇ ਉਦਾਹਰਨ ਪੇਸ਼ ਕਰਨਾ ਹੈ।

- ਜੇਕਰ ਤੁਸੀਂ ਪਵਿੱਤਰ ਆਤਮਾ ਨੂੰ ਪ੍ਰੇਮ ਵਿੱਚ ਕੰਮ ਕਰਨ ਦਾ ਮੌਕਾ ਦੇਣ ਵਿੱਚ ਵਿਫਲ ਹੋ ਜਾਂਦੇ ਹੋ ਤਾਂ ਝਗੜੇ ਨੂੰ ਤੁਰੰਤ ਰੋਕ ਦਿਓ।

  ਤਿੰਨ ਮਿੰਟਾਂ ਤੱਕ ਪ੍ਰਾਰਥਨਾ ਕਰੋ।

  ਕਦੇ ਨਾ ਕਹੋ: "ਤੂੰ ਹਮੇਸ਼ਾ..." ਜ਼ੁਬਾਨ ਨੂੰ ਕਾਬੂ ਵਿੱਚ ਰੱਖੋ।

  ਯਾਕੂਬ 3:6 & 8 **ਜੀਭ** ਵੀ ਇੱਕ **ਅੱਗ** ਹੈ! ਸਾਡਿਆਂ ਅੰਗਾਂ ਵਿੱਚ **ਕੁਧਰਮ** ਦੀ ਦੁਨੀਆ ਜੀਭ ਹੈ ਜਿਹੜੀ ਸਾਰੀ ਦੇਹੀ ਨੂੰ **ਦਾਗ ਲਾਉਂਦੀ** ਅਤੇ ਭਵਚੱਕਰ ਨੂੰ ਅੱਗ ਲਾ ਦਿੰਦੀ ਹੈ ਅਤੇ **ਆਪ ਨਰਕ ਦੀ ਅੱਗ ਤੋਂ ਬਲ ਉੱਠਦੀ ਹੈ...**ਉਹ ਇੱਕ ਚੰਚਲ ਬਲਾ ਹੈ, **ਉਹ ਨਾਸ ਕਰਨ ਵਾਲੀ ਵਿੱਸ ਨਾਲ ਭਰੀ ਹੋਈ ਹੈ।**

  ਇਕਰਾਰ ਕਰੋ ਅਤੇ ਮਾਫੀ ਮੰਗੋ।

1 ਯੂਹੰਨਾ 1:6-10 ਜੇ ਅਸੀਂ ਆਖੀਏ ਭਈ ਸਾਡੀ ਉਹ ਦੇ ਨਾਲ ਸੰਗਤ ਹੈ ਅਤੇ ਚੱਲੀਏ ਅਨ੍ਹੇਰੇ ਵਿੱਚ ਤਾਂ ਅਸੀਂ ਝੂਠ ਮਾਰਦੇ ਹਾਂ ਅਤੇ ਸਤ ਉੱਤੇ ਨਹੀਂ ਚੱਲਦੇ। [7]ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀਂ ਸੰਗਤ ਹੈ ਅਤੇ ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ। [8]ਜੇ ਆਖੀਏ ਭਈ ਅਸੀਂ ਪਾਪੀ ਨਹੀਂ ਹਾਂ ਤਾਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਅਤੇ ਸਚਿਆਈ ਸਾਡੇ ਵਿੱਚ ਹੈ ਨਹੀਂ। [9]**ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ** ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।

## I. ਨਤੀਜਾ

- 1 ਪਤਰਸ 3:7 ਇੱਕ ਸ਼ਕਤੀਸ਼ਾਲੀ, ਪਰਬਤਾਂ ਨੂੰ ਹਿਲਾ ਦੇਣ ਵਾਲੀ ਪ੍ਰਾਰਥਨਾ ਕਰਨ ਵਾਲੀ ਟੀਮ
- ਮੱਤੀ 18:19 ਜੇ ਤੁਹਾਡੇ ਵਿੱਚੋਂ **ਦੋ ਜਣੇ** ਧਰਤੀ ਉੱਤੇ ਕਿਸੇ ਕੰਮ ਲਈ **ਮਿਲ ਕੇ** ਬੇਨਤੀ ਕਰਨ ਤਾਂ ਮੇਰੇ ਪਿਤਾ ਵੱਲੋਂ ਜਿਹੜਾ ਸੁਰਗ ਵਿੱਚ ਹੈ **ਉਨ੍ਹਾਂ ਲਈ ਕੀਤਾ ਜਾਵੇਗਾ।**

- ਯੂਹੰਨਾ 13:35 **ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ** ਭਈ ਤੁਸੀਂ ਮੇਰੇ ਚੇਲੇ ਹੋ।

*ਅਤੇ ਫਿਰ ਉਨ੍ਹਾਂ ਨੇ ਬਾਕੀ ਦਾ ਜੀਵਨ ਖੁਸ਼ੀ-ਖੁਸ਼ੀ ਬਤੀਤ ਕੀਤਾ!*

ਸਮਾਪਨ